# ਰੇਡੀਓ ਲੜੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 38 'ਮੱਛੀ ਫੜਣ 'ਤੇ ਪ੍ਰਭਾਵ – ਉਪਜੀਵਕਾ ਸਮੱਸਿਆਵਾਂ ਤੇ ਉਜਾੜਾ'

## Effect On Fishing – Livelihood Problem & Displacement

ਮੁੱਖ ਖੋਜ ਤੇ ਲੇਖਣ: ਡਾ. ਈ. ਆਰ. ਸੁਬਰਹਮੰਨਿਅਮ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

In this episode the focus is on the threats posed by the climate change and global warming on fisheries. It has been discussed that the rising temperature of sea water, the rising level of sea waters, the increasing salinity and the acidification of sea waters is injurious to the fish population and thus the reduction in fish catch leads to joblessness, poverty, breach of aquatic food chain, decreased availability of fish as food, loss of revenue to the government and the displacement of coastal and fishing populations who are particularly vulnerable to climate change has been discussed. This episode on one hand highlights the climate change impact on fisheries and related problems followed by displacement of fisher communities and on the other hand the proposals for mitigation of the sufferings, the recommendations of Standing Parliamentary Committee and the government efforts in this direction for mitigation and rehabilitation has been discussed.

ਇਸ ਕੜੀ ਵਿੱਚ ਜਲਵਾਯੂ ਪਰਿਵਰਤਨ ਅਤੇ ਆਲਮੀ ਤਪਸ਼ ਦੇ ਕਾਰਨ ਮੱਛੀ ਪਾਲਣ ਧੰਦੇ ਨੂੰ ਦਰਪੇਸ਼ ਖਤਰਿਆਂ ਨੂੰ ਕੇਂਦ੍ਰਿਤ ਕੀਤਾ ਗਿਆ ਹੈ। ਚਰਚਾ ਕੀਤੀ ਗਈ ਹੈ ਕਿ ਸਮੁੰਦਰੀ ਜਲ ਦੇ ਗਰਮ ਹੋਣ ਨਾਲ, ਜਲ ਪੱਧਰ ਉਚਾ ਉੱਠਣ ਨਾਲ, ਖਾਰੇਪਣ ਦੇ ਬਦਲਾਅ ਕਾਰਨ, ਤੇਜ਼ਾਬੀਪਨ ਵਧਣ ਨਾਲ ਮੱਛੀਆਂ ਨੂੰ ਕਿਵੇਂ ਪਹੁੰਚਦਾ ਹੈ ਨੁਕਸਾਨ! ਵਾਰਤਾਲਾਪ ਹੋਇਆ ਹੈ ਕਿ ਮੱਛੀਆਂ ਦੇ ਪਕੜੇ ਜਾਂਦੇ ਪੂਰਾਂ ਦਾ ਘਟਦੇ ਜਾਣਾ ਕਿਵੇਂ ਬੇਰੁਜਗਾਰੀ, ਗਰੀਬੀ, ਜਲੀ ਭੋਜਨ ਲੜੀ ਵਿੱਚ ਖਲਲ, ਭੋਜਨ ਲਈ ਮੱਛੀਆਂ ਦੀ ਉਪਲਬਧਤਾ ਵਿੱਚ ਕਮੀ, ਸਰਕਾਰ ਨੂੰ ਮਾਲੀਏ ਵਿੱਚ ਘਾਟਾ, ਤਟ ਵਰਤੀ ਇਲਾਕਿਆਂ ਦੀ ਮਛੇਰਿਆਂ ਦੀ ਵਸੋਂ ਦਾ ਉਜਾੜਾ ਜਿਨ੍ਹਾਂ ਉਪਰ ਜਲਵਾਯੂ ਬਦਲਾਅ ਦੀ ਜਿਆਦਾ ਮਾਰ ਪੈਂਦੀ ਹੈ। ਇਸ ਕੜੀ ਵਿੱਚ ਇੱਕ ਪਾਸੇ ਜਲਵਾਯੂ ਬਦਲਾਅ ਦੇ ਮੱਛੀਆਂ ਦੇ ਉਪਰ ਪ੍ਰਭਾਵ ਤੇ ਇਸ ਨਾਲ ਹੋਰ ਜੁੜੇ ਮੁਦਿਆਂ 'ਤੇ ਫਲਸਰੂਪ ਮਛੇਰਿਆਂ ਦੇ ਉਜਾੜੇ ਦੀ ਚਰਚਾ ਹੈ ਤੇ ਦੂਜੇ ਪਾਸੇ ਇਨ੍ਹਾਂ ਦੇ ਸੰਕਟ ਦੂਰ ਕਰਨ ਲਈ ਸੁਝਾਅ, ਸਥਾਈ ਸੰਸਦੀ ਕਮੇਟੀ ਦੀਆਂ ਸਿਫਾਰਸ਼ਾਂ ਅਤੇ ਸਰਕਾਰ ਵੱਲੋਂ ਇਨ੍ਹਾਂ ਦੇ ਦੁਖੜੇ ਦੂਰ ਕਰਨ ਲਈ ਅਤੇ ਮੁੜ ਵਸੇਬੇ ਦੇ ਲਈ ਕੀਤੇ ਯਤਨਾਂ 'ਤੇ ਚਰਚਾ ਕੀਤੀ ਗਈ ਹੈ।

### ਪਾਤਰ

ਸਾਗਰ : ਮੱਛੀ ਅਧਿਕਾਰੀ, ਉਮਰ 50 ਸਾਲ

ਮੀਨਾ : ਸਾਗਰ ਦੀ ਪੁੱਤਰੀ (ਜੀਵ ਵਿਗਿਆਨ ਦੀ ਵਿਦਿਆਰਥਣ, ਉਮਰ 22 ਸਾਲ)

ਆਨੰਦ : ਸਾਗਰ ਦਾ ਦੋਸਤ, ਵਿਗਿਆਨ 'ਚ ਗ੍ਰੈਜੂਏਟ, ਮੱਛੀ ਪਾਲਣ ਧੰਦੇ ਨਾਲ ਜੁੜਿਆ (ਉਮਰ 48 ਸਾਲ)

ਵਸੁਧਾ : ਸਾਗਰ ਦੀ ਪਤਨੀ (ਉਮਰ 48 ਸਾਲ)

ਜੱਲਾ : ਮਛੇਰਾ, ਪਿੰਡ ਦਾ ਸਰਪੰਚ (ਉਮਰ 52 ਸਾਲ)

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਅਠੱਤੀਵੀਂ ਕੜੀ "ਮੱਛੀ ਫੜਨ 'ਤੇ ਪ੍ਰਭਾਵ - ਉਪਜੀਵਕਾ ਸਮੱਸਿਆਵਾਂ ਤੇ ਉਜਾੜਾ"**।

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਅਠੱਤੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ, **'ਜਲ ਪੱਧਰ ਦਾ ਉਭਾਰ - ਸਮੁੰਦਰੀ ਤੱਟਾਂ ਦਾ ਕਟਾਅ...'** ਵਿੱਚ ਸੁਣਾਈ ਸੀ ਅਸੀਂ ਕਹਾਣੀ ਸਮੁੰਦਰਾਂ ਦੇ ਵਧਦੇ ਜਲ ਪੱਧਰ ਦੀ!

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਜਲਵਾਯੂ ਬਦਲਾਅ ਦੇ ਕਾਰਨ ਵਧਦੀ ਗਰਮੀ ਕਿਵੇਂ ਚੁੱਕ ਦਿੰਦੀ ਹੈ ਉੱਚਾ ਸਮੁੰਦਰਾਂ ਦੇ ਪਾਣੀ ਦੇ ਪੱਧਰ ਨੂੰ!

**ਮਰਦ ਸੂਤਰਧਾਰ** : ਮਾਹਰਾਂ ਦੇ ਵਿਚਾਰਾਂ ਅਤੇ ਤਰਕ ਵਿਤਰਕ ਤੋਂ ਬਾਅਦ ਨਿੱਕਲਿਆ ਸੀ ਇਹ ਸਿੱਟਾ ਕਿ ਸਾਗਰ ਦੇ ਪਾਣੀ ਦੇ ਉਪਰ ਉਠਣ ਦੇ ਤਿੰਨ ਹਨ ਕਾਰਕ!

**ਔਰਤ ਸੂਤਰਧਾਰ**: ਗੱਲ ਹੋਈ ਸੀ ਕਿ ਇਹ ਤਿੰਨਾਂ ਕਾਰਕਾਂ ਵਿੱਚ 42% ਭੂਮਿਕਾ ਹੈ ਵਧਦੇ ਤਾਪਮਾਨ ਕਾਰਨ ਸਮੁੰਦਰੀ ਜਲ ਦੇ ਫੈਲਾਓ ਕਾਰਨ ਪਾਣੀ ਦੇ ਤਲ ਦਾ ਉਪਰ ਉਠਣ ਵਿੱਚ!

**ਮਰਦ ਸੂਤਰਧਾਰ** : ਗੱਲ ਕੀਤੀ ਸੀ ਕਿ 21% ਹਿੱਸਾ ਹੈ ਗਲੇਸ਼ੀਅਰਾਂ ਦੇ ਅਤੇ ਬਰਫਾਨੀ ਚੋਟੀਆਂ ਦੇ ਪਿਘਲਣ ਨਾਲ ਨੀਚੇ ਆ ਕੇ ਸਮੁੰਦਰਾਂ ਵਿੱਚ ਜਾਂਦੇ ਜਲ ਦੀ!

**ਔਰਤ ਸੂਤਰਧਾਰ** : ਸੁਣੇ ਸਨ ਅਸੀਂ ਉਹ ਨੁਕਤੇ ਵੀ ਕਿ ਕਿਵੇਂ ਗ੍ਰੀਨਲੈਂਡ ਦੀਆਂ ਪਿਘਲਦੀਆਂ ਬਰਫ ਦੀਆਂ ਚਾਦਰਾਂ ਪਾਉਂਦੀਆਂ ਨੇ 15% ਹਿੱਸਾ ਤੇ ਐਂਟਾਰਟਿਕਾ ਦੀ ਪਿਘਲਦੀ ਬਰਫ ਦਾ ਹੈ 18% ਯੋਗਦਾਨ ਸਮੁੰਦਰ ਦੇ ਚੜ੍ਹਾਅ ਵਿੱਚ!

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਕਿਵੇਂ ਪਿਛਲੇ ਸਾਲਾਂ ਦੀ ਗਣਨਾ ਵੀ ਦਸਦੀ ਹੈ ਸਮੁੰਦਰ ਦੇ ਜਲ ਸਤਾਹ ਦੇ ਉਪਰ ਉਠਣ ਦੀ ਦਰ!

ਔਰਤ ਸੂਤਰਧਾਰ : ਹੋਈ ਸੀ ਗੱਲ ਕਿ ਕਿਵੇਂ ਜਲ ਮਗਣ ਹੋ ਜਾਣਗੇ ਸਮੁੰਦਰੀ ਤਟ, ਸ਼ਹਿਰ ਤੇ ਪਿੰਡ!

ਮਰਦ ਸੂਤਰਧਾਰ : ਹੋਈ ਸੀ ਚਰਚਾ ਕਿ ਸਾਗਰਾਂ ਦੇ ਉਚੇ ਉਠਣ ਨਾਲ ਡੁੱਬ ਜਾਣਗੇ ਕਈ ਟਾਪੂ ਅਤੇ ਅਮੀਰ ਲੈਣਗੇ ਹੜੱਪ ਉਨ੍ਹਾਂ ਦੇ ਕੁਦਰਤੀ ਸੰਸਾਧਨਾਂ ਨੂੰ।

ਔਰਤ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਤਟੀ ਲੋਕਾਂ ਦੀ ਗੁਜਰ ਬਸਰ ਤੇ ਪੈ ਜਾਵੇਗਾ ਡਾਕਾ, ਬੰਦ ਹੋ ਜਾਣਗੇ ਉਨ੍ਹਾਂ ਦੇ ਧੰਦੇ, ਬੰਜਰ ਹੋ ਜਾਵੇਗੀ ਜ਼ਮੀਨ!

ਮਰਦ ਸੂਤਰਧਾਰ : ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ ਇਸ ਵਧਦੇ ਤਲ ਨੇ ਪ੍ਰਭਾਵਤ ਕਰਨਾ ਹੈ ਸਾਡੀ ਆਰਥਕਤਾ ਦੇ ਤਾਣੇ ਬਾਣੇ ਨੂੰ!

ਔਰਤ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਆਲਮੀ ਤਪਸ਼ ਪੈਦਾ ਕਰਨ ਵਾਲੀ ਕਾਰਬਨ ਡਾਈ ਆਕਸਾਈਡ ਵਿੱਚ ਕਿਵੇਂ ਹੈ ਨਿਗੂਣਾ ਹਿੱਸਾ ਗਰੀਬ ਮੁਲਕਾਂ ਦਾ ਤੇ ਗਰੀਬ ਲੋਕਾਂ ਦਾ ਪਰ ਇਹੀ ਗਰੀਬ ਝਲਦੇ ਨੇ ਮਾਰ ਇਸ ਆਲਮੀ ਤਪਸ਼ ਕਾਰਨ ਉਚੇ ਉਠਦੇ ਸਮੁੰਦਰ ਦੀ!

ਮਰਦ ਸੂਤਰਧਾਰ : ਸੁਣ ਲਿਆ ਸੀ ਅਸੀਂ ਕਿੱਸਾ ਇਹ ਵੀ ਕਿ ਕਿਵੇਂ ਜ਼ਰੂਰੀ ਹੈ ਕਿ ਮਨੁੱਖ ਦੁਆਰਾ ਨਿਰਮਿਤ ਇਸ ਆਫਤ ਦੇ ਮੁਕਾਬਲੇ ਵਾਸਤੇ ਸਥਾਨਕ ਲੋਕਾਂ ਦੀ ਸ਼ਮੂਲੀਅਤ ਸਹਿਯੋਗ ਤੇ ਵਿਚਾਰ ਵਟਾਂਦਰਾ!

ਔਰਤ ਸੂਤਰਾਧਾਰ : ਹੋਈ ਸੀ ਗੱਲ ਕਿ ਕਿਵੇਂ ਇਸ ਵਧਦੇ ਸਮੁੰਦਰ ਦੇ ਕਾਰਨ ਹੋਵੇਗਾ ਉਜਾੜਾ ਵੱਡੇ ਪੈਮਾਨੇ 'ਤੇ!

ਮਰਦ ਸੂਤਰਧਾਰ : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਜਲਵਾਯੂ ਬਦਲਾਅ ਕਾਰਨ ਮੱਛੀ ਪਕੜਨ ਦੇ ਧੰਦੇ 'ਤੇ ਪੈਂਦੇ ਨੇ ਪ੍ਰਭਾਵ ਤੇ ਕਿਵੇਂ ਜੁੜਿਆ ਹੈ ਇਹ ਪ੍ਰਭਾਵ ਉਪਜੀਵਕਾ ਨਾਲ ਅਤੇ ਲੋਕਾਂ ਦੇ ਉਜਾੜੇ ਜਾਂ ਵਿਸਥਾਪਨ ਦੇ ਨਾਲ!

ਔਰਤ ਸੂਤਰਾਧਾਰ : ਲਓ ਸੁਣੋ ਇਸ ਨਵੇਂ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਅਠੱਤੀਵੀਂ ਕੜੀ "**ਮੱਛੀ ਫੜਨ 'ਤੇ ਪ੍ਰਭਾਵ – ਉਪਜੀਵਕਾ ਸਮੱਸਿਆਵਾਂ ਤੇ ਉਜਾੜਾ**"! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

**……ਲੜੀਵਾਰ ਦੀ ਧੁਨ……**

**……ਦ੍ਰਿਸ਼ ਬਦਲਾਅ ਸੰਗੀਤ……**

**……ਦ੍ਰਿਸ਼ ਪਹਿਲਾ……**

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**(ਪੱਲੀਪਾਲੇਮ, ਤੱਟੀ ਮੱਧ ਪ੍ਰਦੇਸ਼ ਵਿਚ ਮਛੇਰਿਆਂ ਦੇ ਇਕ ਸਮੁਦਾਇ ਦਾ ਪਿੰਡ.. ਆਨੰਦ ਆਪਣੇ ਪਿੰਡ ਪੁਰਾਣੇ ਘਰ ਜਾਂਦਾ ਹੈ....)**

ਜੱਲਾ : ਆਨੰਦ ਵੀਰ! ਲਉ, ਤੁਹਾਡੀ ਚਿੱਠੀ ਆਈ ਹੈ। ਤੁਹਾਡਾ ਘਰ ਤਾਂ ਬੰਦ ਪਿਆ ਹੈ, ਡਾਕੀਆ ਮੈਨੂੰ ਫੜਾ ਗਿਆ ਤੇ ਕਿਹਾ ਤੁਹਾਡੇ ਤੱਕ ਪਹੁੰਚਾ ਦੇਵਾਂ।

ਆਨੰਦ : ਧੰਨਵਾਦ ਜੱਲਿਆ ਵੀਰਾ! ਇਹ ਚਿੱਠੀ ਤਾਂ ਆਪਣੇ ਮਿੱਤਰ ਸਾਗਰ ਦੀ ਐ। ਤੁਹਾਨੂੰ ਯਾਦ ਹੈ ਨਾ? ਬਾਰਾਂ ਸਾਲਾਂ ਬਾਅਦ ਆ ਰਿਹਾ ਐ ਉਹ ਪਿੰਡ ... ਬਹੁਤ ਖੁਸ਼ੀ ਦਾ ਮੌਕਾ ਹੈ.....

ਜੱਲਾ : ਸਾਗਰ! ਓ ਹਾਂ..... ਯਾਦ ਆਇਆ। ਅਸੀਂ ਇਕੱਠੇ ਇੱਥੇ ਆਪਣੇ ਪਿੰਡ ਦੇ ਸਕੂਲ ਵਿਚ ਪੜ੍ਹਦੇ ਸੀ। ਮੈਂ ਤਾਂ ਪ੍ਰਾਇਮਰੀ ਵਿਚ ਹੀ ਪੜ੍ਹਾਈ ਛੱਡ ਦਿੱਤੀ ਤੇ ਮੱਛੀ ਦੇ ਧੰਦੇ ਵਿੱਚ ਪਿਤਾ ਜੀ ਦੀ ਮੱਦਦ ਕਰਨ ਲੱਗ ਪਿਆ! ਤੁਸੀਂ ਅੱਗੇ ਦੀ ਪੜ੍ਹਾਈ ਕਰਨ ਸ਼ਹਿਰ ਚਲੇ ਗਏ ਸੀ!

ਆਨੰਦ : ਹਾਂ! ਠੀਕ ਕਿਹਾ..

ਜੱਲਾ : ਅੱਛਾ ਤਾਂ ਉਹ ਹੁਣ ਆ ਰਿਹਾ ਹੈ, ਕੀ ਕੁਝ ਹੋਰ ਵੀ ਲਿਖਿਆ ਹੈ ਉਸਨੇ? ਕਦ ਆਏਗਾ?

ਆਨੰਦ : ਉਹ ਇਸੇ ਐਤਵਾਰ ਨੂੰ ਆ ਰਿਹਾ ਹੈ। ਹੁਣ ਉਹ ਇਕ ਮੱਛੀ ਪਾਲਣ ਅਧਿਕਾਰੀ ਹੈ.. ਆਪਣੇ ਜ਼ਿਲ੍ਹੇ ਵਿਚ ਤੈਨਾਤ ਹੋਇਆ ਹੈ। ਉਹ ਸਾਡੇ ਪਿੰਡ ਆ ਕੇ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਅਤੇ ਮਛੇਰਾ ਸਮੁਦਾਇ ਦੀ ਆਮਦਨ ਨਾਲ ਜੁੜੀਆਂ ਸਮੱਸਿਆਵਾਂ ਨੂੰ ਸਮਝਣ ਦੇ ਲਈ ਵਿਚਾਰ ਵਟਾਂਦਰਾ ਕਰਨ ਵਾਸਤੇ ਪਿੰਡ ਦਾ ਦੌਰਾ ਕਰੇਗਾ..

ਜੱਲਾ : ਉਹ ਆਵੇਗਾ ਕਿਵੇਂ, ਉਸ ਨੂੰ ਕੌਣ ਲੈਣ ਜਾਵੇਗਾ? ਪਿੰਡ ਦੀ ਕੱਚੀ ਸੜਕ ਤਾਂ ਬਹੁਤ ਖ਼ਰਾਬ ਹੈ।

ਆਨੰਦ : ਲੈਣ ਜਾਣ ਦੀ ਕੋਈ ਲੋੜ ਨਹੀਂ! ਉਹ ਜਿਲ੍ਹਾ ਅਧਿਕਾਰੀ ਹੈ! ਸਾਰੀ ਸਥਿਤੀ ਬਾਬਤ ਉਸ ਨੂੰ ਪਤਾ ਹੀ ਹੋਵੇਗਾ! ਨਾਲੇ ਉਸ ਨੇ ਤਾਂ ਆਪਣੀ ਦਫ਼ਤਰੀ ਜੀਪ ਵਿਚ ਹੀ ਆਉਣਾ ਹੈ। ਪਰ ਮੈਂ ਉਸ ਨੂੰ ਉਸਦੇ ਘਰ ਮਿਲ ਲਵਾਂਗਾ ਤੇ ਉਸਦੇ ਨਾਲ ਹੀ ਆ ਜਾਵਾਂਗਾ!

ਜੱਲਾ : ਇਹ ਠੀਕ ਹੈ। ਮੈਂ ਵੀ ਇੱਥੇ ਆ ਜਾਵਾਂਗਾ ਅਤੇ ਫਿਰ ਅਸੀਂ ਉਸ ਨੂੰ ਪਿੰਡ ਦਾ ਚੱਕਰ ਲਗਵਾ ਦੇਵਾਂਗੇ ਅਤੇ ਇਸੇ ਚੱਕਰ ਦੌਰਾਨ ਉਹ ਆਲੇ ਦੁਆਲੇ ਦੀ ਸਥਿਤੀ ਬਾਬਤ ਗੱਲ ਬਾਤ ਵੀ ਕਰ ਲਵੇਗਾ!

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਦੂਜਾ......**

**(ਦ੍ਰਿਸ਼ ਬਦਲਾਅ ਸੰਗੀਤ ............................ਮੱਧਮ ਪੈਂਦਾ ਹੈ)**

**(ਆਨੰਦ ਸਾਗਰ ਦੇ ਘਰ ਜਾਂਦਾ ਹੈ! ਘੰਟੀ ਦਾ ਸਵਿਚ ਦਬਾਉਂਦਾ ਹੈ, ਸਾਗਰ ਦਰਵਾਜਾ ਖੋਲ੍ਹਦਾ ਹੈ)**

ਸ਼ਾਗਰ : ਹੈਂ! ਆਨੰਦ! ਨਮਸਤੇ! ਆ ਯਾਰ ਆ! ਅੰਦਰ ਆ!

ਆਨੰਦ : ਨਮਸਤੇ, ਸਾਗਰ! ਸਾਲਾਂ ਬਾਅਦ ਤੇਨੂੰ ਮਿਲ ਕੇ ਬਹੁਤ ਖੁਸ਼ੀ ਹੋਈ..

ਸਾਗਰ : ਮੈਨੂੰ ਵੀ ਬਹੁਤ ਖੁਸ਼ੀ ਹੋਈ ਐ! ਸੁਣਾ, ਤੁਸੀਂ ਲੋਕ ਕਿਵੇਂ ਹੋ? ਪੋਲੀਪਾਲੇਮ ਦੇ ਕੀ ਹਾਲ ਹਨ?

ਆਨੰਦ : ਹਾਲ-ਚਾਲ ਬਹੁਤੇ ਚੰਗੇ ਨਹੀਂ ਸਾਗਰ! ਪੋਲੀਪਾਲਮ ਅਤੇ ਨੇੜੇ ਤੇੜੇ ਦੇ ਪਿੰਡ ਬਹੁਤ ਬਦਲ ਗਏ ਨੇ। ਕੁਝ ਹੀ ਸਾਲ ਪਹਿਲਾਂ ਕਈ ਮਛੇਰੇ ਪਰਿਵਾਰਾਂ ਨੂੰ ਪਿੰਡ ਨੂੰ ਅਲਵਿਦਾ ਕਹਿਣਾ ਪਿਆ ਹੈ! ਹੁਣ ਤਾਂ ਮੈਂ ਵੀ ਮੱਛੀ ਦੇ ਕਾਰੋਬਾਰ ਦੇ ਸਿਲਸਿਲੇ ਵਿੱਚ ਸ਼ਹਿਰ ਵਿਚ ਹੀ ਇੱਕ ਮਕਾਨ ਲੈ ਲਿਆ ਹੈ!

ਸਾਗਰ : ਅੱਛਾ! ਇਨ੍ਹਾਂ ਤੱਟੀ ਪਿੰਡਾਂ ਵਿਚ ਤਾਂ ਬਹੁਤ ਸਾਰੇ ਪਰਿਵਾਰ ਰੋਜ਼ੀ-ਰੋਟੀ ਲਈ ਮੱਛੀ-ਧੰਦੇ 'ਤੇ ਨਿਰਭਰ ਸਨ ਤੇ ਪੋਲੀਪਾਲੇਮ ਇਕ ਠੇਠ ਮਛੇਰਿਆਂ ਦਾ ਪਿੰਡ ਹੈ। ਖ਼ੈਰ, ਅਸੀਂ ਪਿੰਡ ਦੇ ਹਾਲਾਤ ਦੀ ਡੂੰਘਾਈ ਨਾਲ ਜਾਂਚ ਕਰਾਂਗੇ।

ਆਨੰਦ : ਅਸੀਂ ਪਿੰਡ ਦੇ ਆਲੇ-ਦੁਆਲੇ ਘੁੰਮਾਂਗੇ.. ਤੱਥਾਂ ਨੂੰ ਜਾਣਨ ਦੇ ਲਈ ਤੁਸੀਂ ਪਿੰਡ ਦਾ ਦੌਰਾ ਕਰਦੇ ਹੋਏ ਮੁਆਇਨੇ ਦੇ ਨਾਲ ਨਾਲ ਹੀ ਪਿੰਡ ਦੇ ਸਰਪੰਚ ਨਾਲ ਮਿਲ ਕੇ ਗੱਲ ਬਾਤ ਵੀ ਕਰ ਲੈਣਾ ਤੇ ਸਾਰਾ ਜਾਇਜ ਲੈ ਲੈਣਾ!

ਸਾਗਰ : ਆਹੋ ਯਾਰ ਇਹ ਠੀਕ ਰਹੇਗਾ! ਚਲੋ ਹੁਣ ਨਾਸ਼ਤਾ ਕਰਦੇ ਹਾਂ...

**(ਕੱਪ-ਪਲੇਟਾਂ ਦੇ ਖੜਕੇ ਦੀ ਧੁਨੀ, ਆਨੰਦ 'ਤੇ ਸਾਗਰ ਨਾਸ਼ਤਾ ਕਰਦੇ ਹਨ ਤੇ ਪਿੰਡ ਜਾਣ ਵਾਸਤੇ ਬਾਹਰ ਨਿੱਕਲਦੇ ਹਨ)**

ਸਾਗਰ : ਆਨੰਦ, ਆਓ! ਜੀਪ ਵਿਚ ਬੈਠੋ! ਡਰਾਇਵਰ, ਚੱਲੋ। **(ਜੀਪ ਸਟਾਰਟ ਹੁੰਦੀ ਹੈ)**

ਆਨੰਦ : ਸਾਗਰ, ਤੂਫ਼ਾਨਾਂ ਤੇ ਅਕਸਰ ਹੋਣ ਵਾਲੀ ਭਾਰੀ ਵਰਖਾ ਦੇ ਕਾਰਨ ਸੜਕ ਖ਼ਰਾਬ ਹੋ ਗਈ ਹੈ, ਪਰ ਫਿਰ ਵੀ ਅਸੀਂ ਇਕ ਘੰਟੇ ਵਿਚ ਤਾਂ ਪਿੰਡ ਪਹੁੰਚ ਹੀ ਜਾਵਾਂਗੇ।

ਸਾਗਰ : ਹੈਂ ਆਹ ਕੀ? ਇੱਥੇ ਕਈ ਝੀਂਗਾ ਟੈਂਕ... ਝੋਨੇ ਦੇ ਖੇਤ ਕਿੱਥੇ ਗਏ? ਨਾਰੀਅਲ ਦੇ ਰੁੱਖਾਂ ਦੇ ਝੁਰਮਟ ਕਿੱਥੇ ਗਏ?

ਆਨੰਦ : ਨਾਰੀਅਲ ਦੇ ਰੁੱਖ? ਉਹ ਕਿਥੇ? ਹੁਣ ਤਾਂ ਸਾਗਰ  ਨਵੇਂ ਵਿਕਾਸ ਦੇ ਮਾਡਲ ਦੇ ਨਾਮ 'ਤੇ ਬਹੁਤ ਸਾਰੇ ਨਿਵੇਸ਼ਕਾਂ ਨੇ ਆ ਕੇ ਲੋਕਾਂ ਦੀਆਂ ਜ਼ਮੀਨਾਂ ਖ਼੍ਰੀਦ ਲਈਆਂ ਜਾਂ ਪਟੇ 'ਤੇ ਲੈ ਲਈਆਂ ਨੇ! ਉਨ੍ਹਾਂ ਨੇ ਖੇਤੀ ਦੀ ਬਦਲ ਜਲ ਜੀਵ ਪ੍ਰਜਨਣ ਅਤੇ ਉਤਪਾਦਨ ਸੁਰੂ ਕਰ ਦਿੱਤਾ! ਗ਼ਿਆਦਾ ਜੋਰ ਝੀਂਗਾ ਮੱਛੀਆਂ ਦੇ ਉਤਪਾਦਨ 'ਤੇ ਹੈ!

ਸਾਗਰ : ਅੱਛਾ! ਤਾਂ ਹੀ ਬਣ ਗਏ ਨੇ ਆਹ ਐਨੇ ਝੀਂਗਾ ਟੈਂਕ! ਮੈਨੂੰ ਲੱਗਦਾ ਹੈ ਕਿ ਉਹ ਬਹੁਤ ਪੈਸਾ ਕਮਾ ਰਹੇ ਹਨ..

ਆਨੰਦ : ਹਾਂ ਸੁਰੂ ਵਿੱਚ ਤਾਂ ਕਮਾਇਆ ਉਨ੍ਹਾਂ ਖੂਬ ਪੈਸਾ! ਪਰ ਹੁਣ ਤਾਂ ਕੁਝ ਸਮੇ ਤੋਂ ਮੌਸਮ ਦੇ ਤੇਜ਼ ਬਦਲਾਅ ਕਾਰਨ ਜਲ ਜੀਵ ਪ੍ਰਜਨਣ ਵੀ ਸਮੱਸਿਆਵਾਂ ਨਾਲ ਜੂਝ ਰਹੇ ਨੇ.. ਵਿਸ਼ਾਣੂਆਂ (ਵਾਇਰਸ) ਦੇ ਹਮਲੇ, ਘਟਦਾ ਉਤਪਾਦਨ ਅਤੇ  ਗੁਣਵੱਤਾ ਦੀ ਗਿਰਾਵਟ ਦੇ ਕਾਰਨ ਉਹ ਭਾਰੀ ਨੁਕਸਾਨ ਝੱਲ ਰਹੇ ਹਨ..

ਸਾਗਰ : ਡਰਾਇਵਰ! ਸਿੜਕ ਬਹੁਤ ਖਰਾਬ ਹੈ ਬਹੁਤ ਸਾਰੇ ਖੱਡੇ ਤੇ ਅਖਲੀਆਂ ਪਈਆਂ ਨੇ, ਗੱਡੀ ਹੌਲੀ ਚਲਾ!

ਆਨੰਦ : ਲਉ ਸਾਗਰ, ਅਸੀਂ ਪਿੰਡ ਪਹੁੰਚ ਗਏ! ਇਹ ਪੰਚਾਇਤ ਦਾ ਦਫ਼ਤਰ ਹੈ, ਅਸੀਂ ਇੱਥੇ ਹੀ ਉਤਰ ਜਾਵਾਂਗੇ। ਉਹ ਦੇਖੋ, ਜੱਲਾ ਆ ਰਿਹਾ ਹੈ, ਆਪਣਾ ਜਮਾਤੀ ਦੋਸਤ! ਇਹ ਹੁਣ ਪਿੰਡ ਦਾ ਸਰਪੰਚ ਹੈ।

(ਜੀਪ ਰੁਕਣ ਦੀ ਅਵਾਜ਼ ਆਉਂਦੀ ਹੈ)

ਜੱਲਾ : ਨਮਸਤੇ ਸਾਗਰ! ਤੁਹਾਡਾ ਸਵਾਗਤ ਹੈ। ਉਮੀਦ ਹੈ ਤੁਹਾਨੂੰ ਮੈਂ ਯਾਦ ਹੋਵਾਂਗਾ।

ਸਾਗਰ : ਤੈਨੂੰ ਕਿਵੇਂ ਭੁੱਲ ਸਕਦਾ ਹਾਂ ਜੱਲਿਆ? ਅਸੀਂ ਇਕੱਠੇ ਪੜ੍ਹਦੇ ਸੀ। ਆਨੰਦ ਨੇ ਦੱਸਿਆ ਐ ਕਿ ਤੈਨੂੰ ਪਿੰਡ ਨੇ ਸਰਪੰਚ ਚੁਣ ਲਿਆ ਹੈ! ਮੈਂ ਪੂਰੇ ਪਿੰਡ ਦਾ ਗੇੜਾ ਮਾਰਨਾ ਚਾਹੁੰਦਾ ਹਾਂ। ਵੇਖਣਾ ਚਾਹੁੰਦਾ ਹਾਂ ਕਿ ਇੱਥੇ ਮਛੇਰਿਆਂ ਦੇ ਅਤੇ ਮੱਛੀ-ਧੰਦੇ ਦੇ ਹਾਲਾਤ ਕਿਹੋ ਜਿਹੇ ਹਨ....

ਜੱਲਾ : ਹਾਂ ਜ਼ਰੂਰ! ਅਸੀਂ ਪਿੰਡ ਦਾ ਗੇੜਾ ਮਾਰਨ ਚਲਾਂਗੇ, ਪਹਿਲਾਂ ਇਕ ਇਕ ਕੱਪ ਚਾਹ ਪੀ ਲਈਏ!

ਸਾਗਰ : ਠੀਕ ਹੈ!

ਜੱਲਾ : ਇੱਧਰ ਦੇਖੋ, ਸਾਗਰ..ਇੱਥੇ ਜ਼ਿਆਦਾਤਰ ਮਕਾਨ ਸੁੰਨੇ ਪਏ ਹਨ। ਕਿੰਨੇ ਹੀ ਮਛੇਰੇ ਪਰਿਵਾਰ ਰੋਜ਼ੀ ਰੋਟੀ ਦੀ ਤਲਾਸ਼ ਵਿਚ ਨੇੜੇ-ਤੇੜੇ ਦੇ ਸ਼ਹਿਰਾਂ ਦੇ ਵੱਲ ਕੂਚ ਕਰ ਗਏ ਹਨ।

ਸਾਗਰ : ਰੋਜ਼ਗਾਰ ਨੂੰ ਲੈ ਕੇ ਮਛੇਰਾ ਸਮੁਦਾਇ ਦੀ ਬਹੁਤ ਵੱਡੀ ਸਮੱਸਿਆ ਹੈ ਅਤੇ ਨਾਲ ਹੀ ਉਨ੍ਹਾਂ ਗਰੀਬ ਦੇਸ਼ਾਂ ਦੀ ਵੀ ਜਿੰਨ੍ਹਾਂ ਦੀ ਆਮਦਨੀ ਬਹੁਤੀ ਹੱਦ ਤੱਕ ਮੱਛੀ ਦੇ ਕਾਰੋਬਾਰ 'ਤੇ ਨਿਰਭਰ ਹੈ। ਇਸ ਸਮੱਸਿਆ ਦੀ ਵਿਸਥਾਰ ਨਾਲ ਜਾਂਚ ਹੋਣੀ ਚਾਹੀਦੀ ਹੈ! ਅਤੇ ਹਾਂ! ਆਪਣੇ ਸਕੂਲ ਦਾ ਕੀ ਹਾਲ ਹੈ?

ਜੱਲਾ : ਸਕੂਲ ਦੀ ਹਾਲਤ ਤਾਂ ਜੇ ਸੱਚ ਪੁੱਛੋਂ ਪਤਲੀ ਹੋ ਗਈ ਹੈ! ਆਲੇ ਦੁਆਲੇ ਦੇ ਸਕੂਲ ਹਾਈ ਤੇ ਸੀਨੀਅਰ ਸੈਕੰਡਰੀ ਬਣ ਗਏ ਪਰ ਇਹ ਉਥੇ ਦਾ ਉਥੇ! ਕਈ ਪਰਿਵਾਰ ਪਿੰਡ ਛੱਡ ਕੇ ਚਲੇ ਗਏ ਜਿਸ ਕਰਕੇ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਵਿਚ ਵੀ ਇਕਦਮ ਭਾਰੀ ਗਿਰਾਵਟ ਆ ਗਈ!

ਆਨੰਦ : ਇਹ ਸੱਚ ਹੈ ਸਾਗਰ.. ਕਈ ਪਰਿਵਾਰ ਜਿਹੜੇ ਰਵਾਇਤੀ ਤੌਰ 'ਤੇ ਰੋਜ਼ੀ-ਰੋਟੀ ਦੇ ਲਈ ਮੱਛੀ ਫੜਦੇ ਸਨ, ਹੁਣ ਉਸ 'ਤੇ ਨਿਰਭਰ ਰਹਿਣ ਲਾਇਕ ਨਹੀਂ। ਇੱਥੇ ਇਕ ਦੇ ਬਾਅਦ ਇਕ ਭਿਆਨਕ ਤੂਫ਼ਾਨ ਆਏ ਅਤੇ ਲੰਮੇ-ਲੰਮੇ ਅਰਸੇ ਤੱਕ ਇੱਥੇ ਸੋਕਾ ਪੈਂਦਾ ਰਿਹਾ। ਸਾਡੇ ਪਿੰਡ 'ਤੇ ਸੁਨਾਮੀ ਦਾ ਪ੍ਰਕੋਪ ਵੀ ਪਿਆ। ਮੱਛੀ ਫੜਣ ਦੇ ਜਾਲ ਅਤੇ ਕਿਸ਼ਤੀਆਂ ਵਹਿ ਗਈਆਂ। ਸੰਪਤੀ ਦਾ ਭਾਰੀ ਨੁਕਸਾਨ ਹੋਇਆ। ਮੱਛੀ ਹੁਣ ਘੱਟ ਫੜੀ ਜਾਂਦੀ ਹੈ। ਆਮਦਨੀ 'ਚ ਬਹੁਤ ਗਿਰਾਵਟ ਆ ਗਈ ਹੈ।

ਜੱਲਾ : ਹਾਂ। ਇਨ੍ਹਾਂ ਪਰਿਵਾਰਾਂ ਦੇ ਨੌਜਵਾਨ ਹੁਣ ਮੱਛੀ ਰੋਜ਼ਗਾਰ ਤੋਂ ਹਟ ਕੇ ਹੋਰ ਕੰਮ ਲੱਭਣ ਲੱਗੇ ਹਨ। ਕੋਈ ਭਵਨ ਨਿਰਮਾਣ ਵਿਚ ਮਜ਼ਦੂਰ ਹੋ ਗਿਆ। ਕੁਝ ਇੱਟਾਂ ਦੇ ਭੱਠਿਆਂ 'ਚ ਜਾਂ ਹੋਟਲਾਂ ਵਿਚ ਕੰਮ ਕਰ ਰਹੇ ਹਨ। ਇਨ੍ਹਾਂ 'ਚੋਂ ਜਿਹੜੇ ਪੜ੍ਹੇ-ਲਿਖੇ ਹਨ ਉਹ ਤਾਂ ਪਿੰਡ ਹੀ ਛੱਡ ਗਏ, ਕਸਬਿਆਂ ਅਤੇ ਸ਼ਹਿਰਾਂ ਵਿਚ ਕੰਮ ਕਰਨ ਲੱਗੇ ਹਨ।

ਸਾਗਰ : ਅੱਛਾ! ਕੀ ਅਸੀਂ ਨੇੜੇ-ਤੇੜੇ ਦੇ ਮ੍ਰੈਂਗਰੋਵ (ਸਮੁੰਦਰ ਦੇ ਪਿਛੇ ਮੁੜੇ ਪਾਣੀ ਦੇ ਥਾਂਵਾਂ 'ਤੇ ਇੱਕ ਵਿਸ਼ੇਸ਼ ਜਲ-ਬਨਸਪਤੀ ਦੇ ਝੁੰਡ) ਦਾ ਦੌਰਾ ਕਰ ਸਕਾਂਗੇ?

ਜੱਲਾ : ਹਾਂ। ਬਸ ਇਕ ਅੱਧਾ ਮੀਲ ਚੱਲਣਾ ਹੋਵੇਗਾ।

ਸਾਗਰ : ਆਹੋ! ਮੈਂ ਇਸ ਇਲਾਕੇ ਨੂੰ ਜਾਣਦਾ ਹਾਂ। ਇੱਥੇ ਹੀ ਬਚਪਨ ਬਤੀਤ ਕੀਤਾ ਹੈ, ਜਦੋਂ ਮੇਰੇ ਪਿਤਾ ਜੀ ਦੀ ਇੱਥੋਂ ਦੇ ਸਕੂਲ ਵਿੱਚੋਂ ਬਦਲੀ ਹੋਈ ਤਾਂ ਅਸੀਂ ਇੱਥੋਂ ਗਏ।

ਆਨੰਦ : ਸਾਗਰ! ਜ਼ਿਆਦਾਤਰ ਮੈਂਗ੍ਰੋਵ ਦੇ ਰੁੱਖਾਂ ਨੂੰ ਕੱਟਿਆ ਜਾਂਦਾ ਹੈ ਅਤੇ ਜ਼ਮੀਨ, ਟੋਭਿਆਂ ਦਾ ਰੂਪ ਧਾਰਨ ਕਰ ਲੈਂਦੀ ਹੈ..

ਸਾਗਰ : ਹਾਏ! ਵੈਸੇ, ਉਹ ਕਿਨਾਰੇ ਵਾਲੇ ਘਰਾਂ ਦੇ ਨਾਲ ਕੀ ਹੋਇਆ?

ਜੱਲਾ : ਕਈ ਮਕਾਨ ਤਾਂ ਤੂਫ਼ਾਨਾਂ ਅਤੇ ਜ਼ਮੀਨ ਦੇ ਕਟਾਅ ਦੇ ਕਾਰਨ ਬਰਬਾਦ ਹੋ ਗਏ।

ਸਾਗਰ : ਹੁਣ ਮੈਂ ਵੇਖਿਆ ਹੈ ਕਿ ਇਸ ਇਸ ਇਲਾਕੇ ਵਿੱਚ ਕਿਵੇਂ ਚੰਗਾ ਭਲਾ ਮੱਛੀ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ! ਵੈਸੇ ਸਾਰੇ ਤੱਟਵਰਤੀ ਪਿੰਡਾਂ ਦੀ ਇਹੀ ਹਾਲਤ ਹੈ।

ਆਨੰਦ : ਹਾਂ, ਸਾਗਰ!

ਜੱਲਾ : ਬਾਰਾਂ ਵਜ ਗਏ, ਦੁਪਹਿਰ ਦੇ ਭੋਜਨ ਦਾ ਸਮਾਂ ਹੈ। ਮੈਂ ਆਪਣੇ ਘਰ ਤੁਹਾਡੇ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਹੈ.. ਚੱਲੋ.. **(ਸਾਰੇ ਦੁਪਹਿਰ ਦੇ ਖਾਣੇ ਲਈ ਬੈਠਦੇ ਹਨ..ਪਲੇਟ ਆਦਿ ਦੇ ਨਾਲ ਗੱਲਾਂ ਦੀਆਂ ਹਲਕੀਆਂ ਆਵਾਜ਼ਾਂ)**

ਸਾਗਰ : ਧੰਨਵਾਦ ਜੱਲਾ। ਧੰਨਵਾਦ ਆਨੰਦ। ਅਗਲੇ ਹਫ਼ਤੇ ਮੈਂ ਆਪਣੇ ਪਰਿਵਾਰ ਨੂੰ ਸ਼ਹਿਰ ਵਿਚ ਹੀ ਲਿਆ ਰਿਹਾ ਹਾਂ.. ਤੁਸੀਂ ਦੋਵੇਂ ਸਾਡੇ ਘਰ ਆਉ। ਮੇਰੀ ਪਤਨੀ ਵਾਤਾਵਰਨ ਵਿਗਿਆਨੀ ਨੇ। ਬੇਟੀ ਜੀਵ ਵਿਗਿਆਨ (ਜੁਔਲੋਜੀ) ਦੀ ਵਿਦਿਆਰਥਣ ਹੈ। ਅਸੀਂ ਇਨ੍ਹਾਂ ਸਮੱਸਿਆਵਾਂ 'ਤੇ ਗੱਲ ਕਰਾਂਗੇ। ਮੈਂ ਸਰਕਾਰ ਦੇ ਕੋਲ ਰਿਪੋਰਟ ਭੇਜਾਂਗਾ।

ਜੱਲਾ ਤੇ ਆਨੰਦ : ਠੀਕ ਹੈ ਸਾਗਰ!

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**(ਐਤਵਾਰ, ਸਵੇਰੇ ਦੇ 9 ਵਜ਼ੇ ਸਾਗਰ, ਪ੍ਰਿਥਵੀ ਅਤੇ ਮੀਨਾ ਆਪਣੇ ਘਰ 'ਚ ਹਨ)**

**(ਡੋਰਬੈੱਲ ਵੱਜਦੀ ਹੈ)**

ਸਾਗਰ : ਮੀਨਾ! ਦੇਖੋ ਕੋਈ ਆਇਆ ਹੈ। ਦਰਵਾਜ਼ਾ ਖੋਲ੍ਹੋ।

ਮੀਨਾ : ਨਮਸਤੇ ਅੰਕਲ। ਆਉ, ਬੈਠੋ। ਪਾਪਾ ਆਉਂਦੇ ਨੇ।

ਸਾਗਰ : ਹਾਏ ਆਨੰਦ। ਹਾਏ ਜੱਲਾ। ਇਨ੍ਹਾਂ ਨੂੰ ਮਿਲੋ, ਮੇਰੀ ਪਤਨੀ ਪ੍ਰਿਥਵੀ। ਇਹ, ਮੇਰੀ ਪੁੱਤਰੀ ਮੀਨਾ.. ਮੈਂ ਤੁਹਾਨੂੰ ਇਨ੍ਹਾਂ ਬਾਰੇ ਦੱਸਿਆ ਸੀ..

ਪ੍ਰਿਥਵੀ : ਨਮਸਤੇ। ਸਾਗਰ ਨੇ ਦੱਸਿਆ, ਤੁਸੀਂ ਇਨ੍ਹਾਂ ਦੇ ਬਚਪਨ ਦੇ ਦੋਸਤ ਹੋ।

ਮੀਨਾ : ਨਮਸਤੇ ਅੰਕਲ। ਨਮਸਤੇ ਅੰਕਲ।

ਆਨੰਦ ਤੇ ਜੱਲਾ : ਨਮਸਤੇ ਜੀ! ਨਮਸਤੇ!

ਸਾਗਰ : ਚਲੋ ਹੁਣ ਅਸੀਂ ਆਪਣੇ ਪਿੰਡ ਅਤੇ ਮਛੇਰਿਆਂ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਗੱਲ ਕਰਾਂਗੇ। ਪ੍ਰਿਥਵੀ ਅਤੇ ਮੀਨਾ ਵੀ ਇਸ ਗੱਲਬਾਤ ‘ਚ ਹਿੱਸਾ ਲੈਣਾ ਚਾਹੁੰਦੀਆਂ ਹਨ।

ਪ੍ਰਿਥਵੀ : ਜ਼ਰਾ ਰੁਕੋ। ਪਹਿਲਾਂ ਤੁਹਾਡੇ ਸਾਰਿਆਂ ਲਈ ਕੌਫੀ ਲੈ ਆਵਾਂ...ਬਾਅਦ ਵਿੱਚ ਅਸੀਂ ਆਪਣੀ ਚਰਚਾ ਸ਼ੁਰੂ ਕਰਾਂਗੇ..

ਆਨੰਦ : ਠੀਕ ਹੈ ਭਾਬੀ ਜੀ! **(ਕੱਪਾਂ ਦੀ ਆਵਾਜ਼)**

ਸਾਗਰ : ਜੱਲਿਆ! ਤੁਸੀਂ ਤਾਂ ਖ਼ੁਦ ਮਛੇਰੇ ਹੋ। ਤੁਹਾਨੂੰ ਇਸ ਧੰਦੇ ਦਾ ਚੰਗਾ ਤਜ਼ਰਬਾ ਵੀ ਹੈ। ਰੋਜ਼ੀ ਰੋਟੀ ਦੇ ਲਈ ਤੁਹਾਡਾ ਪਰਿਵਾਰ ਮੱਛੀ ‘ਤੇ ਨਿਰਭਰ ਹੈ। ਕੀ ਤੁਸੀਂ ਖੁਸ਼ਹਾਲ ਹੋ?

ਜੱਲਾ : ਨਹੀਂ ਸਾਗਰ। ਨਾ ਸਿਰਫ਼ ਮੇਰਾ ਪਰਿਵਾਰ, ਬਲਕਿ ਹੋਰ ਕਈ ਮਛੇਰੇ ਪਰਿਵਾਰ ਵੀ ਇਨ੍ਹਾਂ ਹਾਲਾਤਾਂ ‘ਚ ਖੁਸ਼ ਨਹੀਂ! ਕਿੰਨੇ ਹੀ ਰੋਜ਼ੀ ਰੋਟੀ ਦੀ ਤਲਾਸ਼ ‘ਚ ਪਿੰਡ ਛੱਡ ਕੇ ਚਲੇ ਗਏ ਹਨ।

ਸਾਗਰ : ਸਾਨੂੰ ਮੱਛੀ ਕਾਰੋਬਾਰ ਦੇ ਮਹੱਤਵ ਅਤੇ ਪਿਛਲੇ ਕੁਝ ਸਾਲਾਂ ਤੋਂ ਉਸ ਉਪਰ ਪੈਣ ਵਾਲੇ ਪ੍ਰਭਾਵਾਂ ਦੇ ਕਾਰਨਾਂ ਨੂੰ ਸਮਝਣਾ ਚਾਹੀਦਾ ਹੈ..

ਮੀਨਾ : ਇਹ ਭਾਰਤ ਅਤੇ ਏਸ਼ੀਆ ਦੇ ਕਈ ਤੱਟਵਰਤੀ ਇਲਾਕਿਆਂ ਦੇ ਜ਼ਿਆਦਾਤਰ ਗ਼ਰੀਬਾਂ ਅਤੇ ਕਮਜ਼ੋਰ ਵਰਗਾਂ ਦੇ ਮੁੱਖ ਭੋਜਨ ਦਾ ਇਕ ਪ੍ਰਮੁੱਖ ਸ੍ਰੋਤ ਹੈ..

ਪ੍ਰਿਥਵੀ : ਤੂੰ ਠੀਕ ਆਖਿਆ, ਮੀਨਾ। ਇੱਥੋਂ ਲੈ ਕੇ ਵਿਸ਼ਵ ਪੱਧਰ ਤੱਕ ਮੱਛੀ ਧੰਦਾ ਤੇ ਸਮੁੰਦਰੀ ਭੋਜਨ, ਆਹਾਰ ਪੂਰਤੀ, ਪੋਸ਼ਣ ਅਤੇ ਆਮਦਨੀ ਦੇ ਮਾਮਲੇ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਜੱਲਾ : ਹਾਂ ਇਸ ਧੰਦੇ ਨਾਲ ਆਪਣੇ ਦੇਸ਼ ਵਿਚ ਕਿੰਨੇ ਹੀ ਮਰਦਾਂ ਤੇ ਔਰਤਾਂ ਨੂੰ ਰੋਜ਼ਗਾਰ ਮਿਲਦਾ ਹੈ। ਮੱਛੀਆਂ ਫੜ ਕੇ ਅਸੀਂ ਉਨ੍ਹਾਂ ਨੂੰ ਬਜ਼ਾਰ ਵਿਚ ਵੇਚ ਦਿੰਦੇ ਹਾਂ। ਔਰਤਾਂ ਵੀ ਇਸ ਕੰਮ ਵਿਚ ਜੁੜ ਕੇ ਪਰਿਵਾਰ ਦੀ ਆਮਦਨੀ ਵਧਾਉਣ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ।

ਸਾਗਰ : ਹਾਂ, ਮੱਛੀ ਉਦਯੋਗ ਸਾਡੇ ਬਹੁਤ ਸਾਰੇ ਲੋਕਾਂ ਦੇ ਰੋਜ਼ਗਾਰ ਦਾ ਸ੍ਰੋਤ ਹੈ ਅਤੇ ਮੱਛੀ ਵਪਾਰ ਸਾਡੇ ਦੇਸ਼ ਸਮੇਤ ਕਈ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕ ਉੱਨਤੀ ਵਿਚ ਸਹਾਇਕ ਰਿਹਾ ਹੈ।

ਮੀਨਾ : ਭੋਜਨ ਵਜੋਂ ਤਾਂ ਮੱਛੀ ਸੁਰੱਖਿਅਤ ਭੋਜਨ ਪਦਾਰਥ ਹੈ, ਨਾਲ ਹੀ ਖ਼ੁਰਾਕ ਵਿਭਿੰਨਤਾ ਵਜੋਂ ਵੀ ਮਹੱਤਵਪੂਰਨ ਹੈ।

ਸਾਗਰ : ਸਹੀ ਹੈ ਮੀਨਾ। ਮੱਛੀ ਵਿਚ ਪ੍ਰੋਟੀਨ ਕਾਫੀ ਮਾਤਰਾ ਵਿਚ ਹੁੰਦਾ ਹੈ। ਇਹ ਇਕ ਸੁਰੱਖਿਅਤ ਅਤੇ ਪੋਸ਼ਟਿਕ ਭੋਜਨ ਪਦਾਰਥ ਹੈ। ਰਾਸ਼ਟਰੀ ਅਰਥ ਵਿਵਸਥਾ ਵਿਚ ਮੱਛੀ ਪਾਲਣ ਦਾ ਬਹੁਤ ਮਹੱਤਵ ਹੈ! ਪਰ ਦੁੱਖ ਦੀ ਗੱਲ ਹੈ ਕਿ ਇਸ ਉਦਯੋਗ ਉਪਰ ਜਲਵਾਯੂ ਪਰਿਵਰਤਨ ਦੇ ਪੈਣ ਵਾਲੇ ਮਾੜੇ ਪ੍ਰਭਾਵਾਂ ਵੱਲ ਅਤੇ ਤੱਟੀ ਇਲਾਕਿਆਂ ਤੇ ਉੱਥੇ ਵਸੇ ਸਮੁਦਾਇਆਂ ਦੀ ਸਮਾਜਿਕ-ਆਰਥਿਕ ਸਥਿਤੀ ਵੱਲ ਠੀਕ ਧਿਆਨ ਨਹੀਂ ਦਿੱਤਾ ਗਿਆ।

ਮੀਨਾ : ਪਾਪਾ, ਦੁਨੀਆਂ ਦੇ ਅਲੱਗ-ਅਲੱਗ ਹਿੱਸਿਆਂ ਵਿਚ ਮੌਸਮ ਦੇ ਚਰਮ ਸੀਮਾ ‘ਤੇ ਹੋਣ ਦੀਆਂ ਖ਼ਬਰਾਂ ਅਕਸਰ ਹੀ ਪੜ੍ਹਨ ਨੂੰ ਮਿਲਦੀਆਂ ਹਨ।

ਆਨੰਦ : ਹਾਂ, ਭਿਆਨਕ ਤਾਪ ਲਹਿਰਾਂ ਦੀ, ਗਰਜਦੇ ਤੂਫ਼ਾਨਾਂ ਦੀ, ਜੰਗਲਾਂ ਵਿਚ ਅੱਗ ਲੱਗਣ, ਬੱਦਲ ਫੱਟਣ, ਸੋਕਾ ਪੈਣ, ਬਰਫ਼ ਡਿੱਗਣ, ਅਤੇ ਹਿੰਮਖੰਡ ਪਿਘਲਣ ਦੀਆਂ ਖ਼ਬਰਾਂ ਜਗ੍ਹਾ-ਜਗ੍ਹਾ ਤੋਂ ਆਉਂਦੀਆਂ ਰਹਿੰਦੀਆਂ ਹਨ।

ਜੱਲਾ : ਹਾਂ! ਆਪਣੇ ਹੀ ਇਲਾਕੇ ‘ਚ ਅਸੀਂ ਸੁਨਾਮੀ ਦਾ ਪ੍ਰਕੋਪ ਝੱਲਿਆ!

ਮੀਨਾ : ਹਾਂ ਜੀ ! ਹੁਦਹੁਦ, ਲੈਲਾ, ਫਿਆਲੀਨ, ਨਾਡਾ ਆਦਿ ਤੂਫ਼ਾਨਾਂ ਨੇ ਦੂਰ-ਦੂਰ ਤੱਕ ਤਬਾਹੀ ਮਚਾ ਦਿੱਤੀ।

ਜੱਲਾ : ਸਾਨੂੰ ਸਾਰੇ ਮਛੇਰੇ ਪਰਿਵਾਰਾਂ ਨੂੰ ਭਿਆਨਕ ਨੁਕਸਾਨ ਝੱਲਣਾ ਪਿਆ। ਮੱਛੀ ਦਾ ਧੰਦਾ ਤਾਂ ਅਜਿਹਾ ਵਿਗੜਿਆ ਹੈ ਕਿ ਉਸ ਦੀ ਭਰਪਾਈ ਹੋਣ ਦੀ ਉਮੀਦ ਹੀ ਵਿਖਾਈ ਨਹੀਂ ਦਿੰਦੀ।

ਪ੍ਰਿਥਵੀ : ਚਰਮ ਸੀਮਾਵਾਂ ਛੂਹ ਲੈਣ ਵਾਲੀਆਂ ਮੌਸਮ ਦੀਆਂ ਸਾਰੀਆਂ ਘਟਨਾਵਾਂ ਦਰਅਸਲ ਆਲਮੀ ਤਪਸ਼ ਅਤੇ ਜਲਵਾਯੂ ਪਰਿਵਰਤਨ ਦੇ ਸਬੂਤ ਹਨ।

ਸਾਗਰ : ਜਲਵਾਯੂ ਪਰਿਵਰਤਨ ਦੀ ਹਕੀਕਤ ਤਾਂ ਹੁਣ ਸਭ ਨੇ ਮੰਨ ਲਈ ਹੈ। ਇਸ ਦਾ ਸਬੰਧ ਨਾ ਤਾਂ ਕਿਸੇ ਇੱਕ ਵਿਅਕਤੀ ਨਾਲ ਹੈ, ਨਾ ਪ੍ਰਾਂਤ ਨਾਲ ਅਤੇ ਨਾ ਹੀ ਕਿਸੇ ਰਾਸ਼ਟਰ ਨਾਲ ਬਲਕਿ ਸਾਰੇ ਧਰਤ ਗ੍ਰਹਿ ਨਾਲ ਹੈ।

ਪ੍ਰਿਥਵੀ : ਜਾਪਾਨ ਵਿਚ, ਪੰਜ ਦਿਨਾਂ ਦੇ ਅੰਦਰ ਹੀ ਜੁਲਾਈ ਮਹੀਨੇ ਕੁੱਲ ਔਸਤ ਵਰਖਾ ਤੋਂ ਤਿਗੁਣਾ ਪਾਣੀ ਬਰਸ ਗਿਆ। ਯੂ ਕੇ ਤਾਂ ਗਰਮੀ ਦੇ ਕਾਰਨ ਝੁਲਸ ਹੀ ਗਿਆ। ਇਸ ਸਾਲ ਅਮਰੀਕਾ ਦੇ ਕੈਲੀਫੋਰਨੀਆ ਵਿਚ ਅਪੂਰਵ ਜੰਗਲ ਦੀ ਭਿਆਨਕ ਅੱਗ ਨੇ ਤਬਾਹੀ ਮਚਾ ਦਿੱਤੀ!

ਸਾਗਰ : ਮੌਸਮੀ ਚਰਮਸੀਮਾ ਦੀਆਂ ਘਟਨਾਵਾਂ ਕਾਰਨ ਸਾਡੇ ਦੇਸ਼ ‘ਚ ਵੀ ਕਿਤੇ ਹੜ੍ਹ ਤੇ ਕਿਤੇ ਭਿਆਨਕ ਸੋਕੇ ਦਾ ਪ੍ਰਕੋਪ ਹੈ! ਹੜ੍ਹਾਂ ਨੇ ਤਾਂ ਅਸਾਮ, ਗੁਜਰਾਤ ਅਤੇ ਕੇਰਲ ਵਿਚ ਜਨ-ਜੀਵਨ ਬੁਰੀ ਤਰ੍ਹਾਂ ਅਸਤ-ਵਿਅਸਤ

ਕਰ ਦਿੱਤਾ ਹੈ। ਇਸ ਵਾਰ ਤਾਂ ਸਤੰਬਰ ਦੀ ਭਾਰੀ ਵਰਖਾ ਨਾਲ ਯੂਪੀ ਵਿੱਚ ਤਾਂ 111 ਮੌਤਾਂ ਵੀ ਹੋ ਗਈਆਂ ।ਬਿਹਾਰ, ਮਾਹਾਰਾਸਟਰ ਆਦਿ ਹੜ੍ਹ ਦੀ ਵੱਡੀ ਮਾਰ ਹੇਠ ਆਏ।

ਆਨੰਦ : ਸਾਗਰ! ਜਲਵਾਯੂ ਪਰਿਵਰਤਨ ਮੱਛੀ ਉਦਯੋਗ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕਰਦਾ ਹੈ?

ਸਾਗਰ : ਮੈਨੂੰ ਲੱਗਦਾ ਹੈ ਸਾਨੂੰ ਮੱਛੀ ਪਾਲਣ ਉਪਰ ਜਲਵਾਯੂ ਪਰਿਵਰਤਨ ਦੇ ਭੌਤਿਕ ਅਤੇ ਜੈਵਿਕ ਪ੍ਰਭਾਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਪ੍ਰਿਥਵੀ : ਮੱਛੀ ਪਾਲਣ 'ਤੇ ਹੋਰ ਵੀ ਕਈ ਦਬਾਅ ਹਨ।

ਆਨੰਦ : ਉਹ ਕਿਹੜੇ, ਭਾਬੀ ਜੀ?

ਪ੍ਰਿਥਵੀ : ਅਸੀਂ ਬਹੁਤ ਸੰਵੇਦਨਹੀਣ ਹੋ ਕੇ ਮੱਛੀਆਂ ਦਾ ਬਹੁਤ ਜ਼ਿਆਦਾ ਦੋਹਨ, ਉਨ੍ਹਾਂ ਦੇ ਅਵਾਸ ਖੇਤਰਾਂ ਦੀ ਤਬਾਹੀ, ਪ੍ਰਦੂਸ਼ਣ, ਪ੍ਰਜਨਣ ਰੁੱਤੇ ਵੀ ਅੰਧਾ-ਧੁੰਦ ਮਛੀ ਪਕੜਨ ਅਤੇ ਨਵੀਆਂ-ਨਵੀਆਂ ਪ੍ਰਜਾਤੀਆਂ ਸ਼ਾਮਿਲ ਕਰਕੇ ਨਵੇਂ ਨਵੇਂ ਦਬਾਅ ਪਾ ਰਹੇ ਹਾਂ!

ਮੀਨਾ : ਸਾਨੂੰ ਇਨ੍ਹਾਂ ਕਾਰਕਾਂ 'ਤੇ ਵੀ ਚਰਚਾ ਕਰਨੀ ਚਾਹੀਦੀ ਹੈ!

ਸਾਗਰ : ਹਾਂ ਬੇਟੀ, ਜ਼ਰੂਰ। ਜਲੀ ਪਰਿਆਵਰਨ ਦੇ ਜੈਵ-ਭੌਤਿਕੀ ਗੁਣ ਬਦਲ ਰਹੇ ਹਨ ਅਤੇ ਮੌਸਮ ਵਿਚ ਵਾਰ ਵਾਰ ਤੀਬਰ ਬਦਲਾਅ ਮੱਛੀਆਂ ਨੂੰ ਆਸਰਾ ਦੇਣ ਵਾਲੀ ਪ੍ਰਣਾਲੀ ਦੇ ਪ੍ਰਸਿਥਿਤਿਕ ਤੰਤਰ ਨੂੰ ਪ੍ਰਭਾਵਤ ਕਰਦੇ ਹਨ!

ਜੱਲਾ : ਮੱਛੀਆਂ ਦੀਆਂ ਕੁਝ ਪ੍ਰਜਾਤੀਆਂ, ਜਿਹੜੀਆਂ ਪਹਿਲਾਂ ਸਾਨੂੰ ਆਪਣੇ ਪਾਣੀਆਂ ਵਿਚ ਮਿਲ ਜਾਂਦੀਆਂ ਸਨ, ਅੱਜ-ਕੱਲ੍ਹ ਦਿਖਾਈ ਨਹੀਂ ਦਿੰਦੀਆਂ।

ਮੀਨਾ : ਇਸ ਦਾ ਮਤਲਬ, ਕੁਝ ਪ੍ਰਜਾਤੀਆਂ ਲੁਪਤ ਹੋ ਰਹੀਆਂ ਹਨ।

ਸਾਗਰ : ਮੱਛੀ ਪ੍ਰਜਾਤੀਆਂ ਦੇ ਵਿਲੁਪਤ ਹੋਣ ਦੇ ਕਾਰਨ ਸਥਾਨਕ ਖਪਤ ਲਈ ਭੋਜਨ ਉਤਪਾਦਨ ਵਿਚ ਕਮੀ ਹੋ ਜਾਂਦੀ ਹੈ।

ਮੀਨਾ : ਜਲਵਾਯੂ ਪਰਿਵਰਤਨ ਕਾਰਨ ਕਈ ਪ੍ਰਜਾਤੀਆਂ ਤਾਂ ਪਲਾਇਨ ਵੀ ਕਰ ਜਾਂਦੀਆਂ ਹਨ!

ਸਾਗਰ : ਹਾਂ ਮੀਨਾ। ਉਹ ਅਨੁਕੂਲ ਜਲਵਾਯੂ ਵਾਲੇ ਵਾਤਾਵਰਨ ਵੱਲ ਪਲਾਇਨ ਕਰ ਜਾਂਦੀਆਂ ਹਨ।

ਜੱਲਾ : ਸਾਗਰ! ਇੱਥੋਂ ਵੀ ਤਾਂ ਮੱਛੀਆਂ ਦੀਆਂ ਕੁੱਝ ਪ੍ਰਜਾਤੀਆਂ ਪਲਾਇਨ ਕਰ ਗਈਆਂ ਹੋਣਗੀਆਂ। ਅਸੀਂ ਤਾਂ ਉਨ੍ਹਾਂ ਮੱਛੀਆਂ ਦੀ ਤਲਾਸ਼ ਵਿਚ ਆਪਣੀ ਜਲੀ ਸੀਮਾ ਤੋਂ ਅੱਗੇ ਨਹੀਂ ਜਾ ਸਕਦੇ।

ਸਾਗਰ : ਤੁਹਾਡੀ ਗੱਲ ਠੀਕ ਹੈ। ਇਹ ਸਾਰੇ ਕਾਰਕ ਸਾਡੀ ਭੋਜਨ ਸੁਰੱਖਿਆ ‘ਤੇ ਅਸਰ ਪਾਉਂਦੇ ਹਨ! ਨਿਰਯਾਤ ਦੇ ਲਈ ਮੱਛੀਆਂ ਵੀ ਤਾਂ ਜ਼ਿਆਦਾਤਰ ਛੋਟੇ ਪੱਧਰ ‘ਤੇ ਮੱਛੀ ਪਕੜਨ ਵਾਲਿਆਂ ਰਾਹੀਂ ਹੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸੇ ਕਰਕੇ ਮੱਛੀ ਉਦਯੋਗ ਦੀ ਨਿਰਯਾਤ ਨਾਲ ਹੋਣ ਵਾਲੀ ਆਮਦਨੀ ਵਿਚ ਵੀ ਕਮੀ ਆਈ ਹੈ।

ਜੱਲਾ : ਮੈਨੂੰ ਲੱਗਦਾ ਹੈ ਇਹ ਸਾਰੇ ਪ੍ਰਭਾਵ ਅਸਥਾਈ ਹਨ।

ਪ੍ਰਿਥਵੀ : ਨਹੀਂ! ਵਾਤਾਵਰਨ ਅਤੇ ਸਮੁੰਦਰ ਦੋਵੇਂ ਹੀ ਅਗਲੇ 50 ਤੋਂ 100 ਸਾਲਾਂ ਤੱਕ ਗਰਮ ਹੁੰਦੇ ਰਹਿਣਗੇ। ਤਾਪ ਦੇ ਫੈਲਾਅ ਅਤੇ ਹਿਮਖੰਡਾਂ ਦੇ ਪਿਘਲਣ ਕਾਰਨ ਸਮੁੰਦਰੀ ਜਲ ਪੱਧਰ ਵਧੇਗਾ। ਸਮੁੰਦਰ ਵਿਚ ਖਾਰਾਪਣ ਵਧੇਗਾ ਅਤੇ ਮੌਸਮ ਚੱਕਰ ਵਿਚ ਵੀ ਸਥਾਨਕ, ਖੇਤਰੀ ਅਤੇ ਵਿਸ਼ਵ ਪੱਧਰੀ ਬਦਲਾਅ ਆ ਸਕਦਾ ਹੈ।

ਜੱਲਾ : ਇਹ ਵੱਡੀਆਂ-ਵੱਡੀਆਂ ਵਿਗਿਆਨਕ ਗੱਲਾਂ, ਮੇਰੀ ਸਮਝ ਤੋਂ ਤਾਂ ਬਾਹਰ ਹਨ।

ਸਾਗਰ : ਪਰ ਜੇਕਰ ਤੁਹਾਨੂੰ ਕੁਝ ਗੱਲਾਂ ਵੀ ਸਮਝ ‘ਚ ਆ ਗਈਆਂ ਤਾਂ ਤੁਸੀਂ ਆਪਣੇ ਲੋਕਾਂ ਨੂੰ ਜਾਗਰੂਕ ਕਰ ਸਕਦੇ ਹੋ।

ਜੱਲਾ : ਹਾਂ ਕ੍ਰਿਪਾ ਕਰਕੇ ਉਹ ਗੱਲਾਂ ਮੈਨੂੰ ਦੱਸੋ!

ਸਾਗਰ : ਜਲਵਾਯੂ ਪਰਿਵਰਤਨ ਦੇ ਮੱਛੀ ਪਾਲਣ ‘ਤੇ ਪ੍ਰਭਾਵਾਂ ਵਿੱਚ ਭੌਤਿਕ ਅਤੇ ਜੈਵਿਕ ਪਰਿਵਰਤਨ ਸ਼ਾਮਿਲ ਹਨ।

ਮੀਨਾ : ਭੌਤਿਕ ਪਰਿਵਰਤਨਾਂ ਵਿਚ ਸਮੁੰਦਰ ਦੀ ਸਤਹਿ ‘ਤੇ ਤਾਪਮਾਨ ਵਧਣਾ, ਸਮੁੰਦਰੀ ਜਲ ਪੱਧਰ ਵਧਣਾ, ਸਮੁੰਦਰੀ ਜਲ ਦੇ ਖਾਰੇਪਣ ਦਾ ਬਦਲਾਅ ਸ਼ਾਮਲ ਹੈ।

ਆਨੰਦ : ਸਾਗਰ! ਸਮੁੰਦਰ ਦੁਨੀਆਂ ਭਰ ਤੋਂ ਬਾਹਰ ਨਿਕਲਣ ਵਾਲੀ ਗਰਮੀ ਨੂੰ ਸੋਖ ਲੈਂਦੇ ਹਨ। ਪਰ ਪਾਣੀ ਦੀ ਸਤਹਿ ਦਾ ਵਧਿਆ ਤਾਪਮਾਨ ਮੱਛੀ ਪਾਲਣ ਨੂੰ ਤਾਂ ਪ੍ਰਭਾਵਿਤ ਕਰਦਾ ਹੀ ਹੈ!

ਸਾਗਰ : ਆਨੰਦ, ਸਮੁੰਦਰ ਵਿਚ ਤਾਪਮਾਨ ਵਾਧਾ ਮੱਛੀ ਦੀ ਜੈਵਿਕ ਪ੍ਰਕਿਰਿਆ, ਉਸ ਦੇ ਵਿਕਸਿਤ ਹੋਣ, ਪ੍ਰਜਣਨ ਅਤੇ ਤੈਰਨ ਦੀ ਸ਼ਕਤੀ ਨੂੰ ਵੀ ਬਹੁਤ ਜਿਆਦਾ ਪ੍ਰਭਾਵਿਤ ਕਰਦਾ ਹੈ। ਸਮੁੰਦਰ ਦਾ ਪਾਣੀ ਮੱਛੀਆਂ ਦੇ ਲਈ ਅਨੁਕੂਲ ਨਹੀਂ ਰਹਿੰਦਾ ਜਿਸ ਕਰਕੇ ਉਨ੍ਹਾਂ ਦੀ ਤਦਾਦ ਘਟ ਜਾਂਦੀ ਹੈ ਅਤੇ ਮੱਛੀ ਉਦਯੋਗ ਠੱਪ ਹੋਣ ਕਿਨਾਰੇ ਪਹੁੰਚ ਜਾਂਦਾ ਹੈ। ਸਮੁੰਦਰ ਦੇ ਇਲਾਵਾ ਹੋਰ ਜਲੀ ਸਾਧਨਾਂ ਨੂੰ ਵੀ ਸਮਾਨ ਰੂਪ ਨਾਲ ਖ਼ਤਰੇ ਦੀ ਅਸ਼ੰਕਾ ਰਹਿੰਦੀ ਹੈ।

ਮੀਨਾ : ਪਾਪਾ, ਮੱਛੀਆਂ ਵਿਚ ਤਾਪਮਾਨ ਦੇ ਪ੍ਰਤੀ ਵਿਲੱਖਣ ਸੰਵੇਦਨਸ਼ੀਲਤਾ ਹੁੰਦੀ ਹੈ ਅਤੇ ਉਹ, ਜਿਹੜਾ ਪਾਣੀ ਉਨ੍ਹਾਂ ਦੀ ਸਰੀਰਕ ਪ੍ਰਕਿਰਿਆ ਦੇ ਅਨੁਕੂਲ ਹੋਵੇ; ਉਸ ਵੱਲ ਚਲੀਆਂ ਜਾਂਦੀਆਂ ਹਨ। ਜੇਕਰ ਪਾਣੀ ਦਾ

ਤਾਪਮਾਨ ਕਿਸੇ ਪ੍ਰਜਾਤੀ ਦੀ ਸਹਿਣ ਸ਼ਕਤੀ ਤੋਂ ਜ਼ਿਆਦਾ ਵਧ ਜਾਵੇ ਤਾਂ ਉਸ ਦੀ ਹੋਂਦ ਸੰਕਟ ਵਿਚ ਆ ਜਾਂਦੀ ਹੈ।

ਆਨੰਦ : ਸਮੁੰਦਰੀ ਜਲ ਪੱਧਰ ਵਧਣ ਦੇ ਕੀ ਪ੍ਰਭਾਵ ਨੇ ਮੱਛੀ ਪਾਲਣ ਉਦਯੋਗ ‘ਤੇ?

ਪ੍ਰਿਥਵੀ : ਮੈਂ ਦੱਸਦੀ ਹਾਂ ਜੀ। 20ਵੀਂ ਸਦੀ ਵਿਚ ਤਾਪ ਪ੍ਰਸਾਰ ਦੇ ਕਾਰਨ ਦੁਨੀਆ ਭਰ ਵਿਚ ਸਮੁੰਦਰੀ ਜਲ ਪੱਧਰ ਵੈਸੇ ਵੀ ਵਧ ਚੁੱਕਿਆ ਹੈ ਅਤੇ ਜੇਕਰ ਕਾਰਬਨਡਾਈਆਕਸਾਈਡ ਤੇ ਹੋਰ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ, ਬਿਨਾਂ ਰੁਕੇ ਜਾਰੀ ਰਿਹਾ ਤਾਂ ਸਮੁੰਦਰੀ ਜਲ ਪੱਧਰ ਇਸ ਸਦੀ ਦੇ ਅੰਤ ਤੱਕ, ਪਹਿਲੇ ਅਨੁਮਾਨਾਂ ਤੋਂ ਵੀ ਦੋਗੁਣਾ ਜ਼ਿਆਦਾ ਵਧ ਸਕਦਾ ਹੈ ਅਤੇ ਦੁਨੀਆਭਰ ਦੀ ਤੱਟੀ ਅਬਾਦੀ ਤਬਾਹ ਹੋ ਸਕਦੀ ਹੈ!

ਜੱਲਾ : ਉਸਦਾ ਮੱਛੀ ਪਾਲਣ ‘ਤੇ ਕੀ ਪ੍ਰਭਾਵ ਪਏਗਾ?

ਪ੍ਰਿਥਵੀ : ਤੱਟੀ ਖੇਤਰਾਂ ਦੇ ਸਮੁੰਦਰੀ ਜਲ ਪੱਧਰ ਦਾ ਵਾਧਾ, ਮੁਹਾਨਿਆਂ ਦੀਆਂ ਬਸਤੀਆਂ ਉਜਾੜ ਸਕਦਾ ਹੈ, ਹੜ੍ਹ ਦਾ ਕਾਰਨ ਬਣ ਸਕਦਾ ਹੈ ਅਤੇ ਜਲੀ ਬਨਸਪਤੀ ਵਿਚ ਕਮੀ ਲਿਆ ਸਕਦਾ ਹੈ ਜਾਂ ਉਨ੍ਹਾਂ ਨੂੰ ਉਜਾੜ ਸਕਦਾ ਹੈ। ਇਸ ਦਾ ਦੁਰਪ੍ਰਭਾਵ ਉਨ੍ਹਾਂ ਪ੍ਰਜਾਤੀਆਂ ‘ਤੇ ਵੀ ਪਏਗਾ ਜਿਨ੍ਹਾਂ ਦਾ ਪ੍ਰਜਣਨ ਇਨ੍ਹਾਂ ਤੱਟੀ ਅਵਾਸਾਂ ‘ਤੇ ਨਿਰਭਰ ਹੈ!

ਸਾਗਰ : ਇਸ ਉਭਾਰ ਨਾਲ ਬੰਦਰਗਾਹਾਂ ਅਤੇ ਮੱਛੀ ਫੜਨ ਦੀਆਂ ਮੌਜੂਦਾ ਸੁਵਿਧਾਵਾਂ ਨੂੰ ਹੜ੍ਹ ਦਾ ਖਤਰਾ ਹੋ ਸਕਦਾ ਹੈ ਜਿਸ ਦਾ ਮੱਛੀ ਉਤਪਾਦਨ, ਮੱਛੀ ਭੰਡਾਰਨ, ਅਤੇ ਵਿਕਰੀ ‘ਤੇ ਨਕਰਾਤਮਕ ਪ੍ਰਭਾਵ ਪਏਗਾ।

ਜੱਲਾ : ਅਸੀਂ ਸਮੁੰਦਰੀ ਪਾਣੀ ਨੂੰ ਤਾਜ਼ੇ ਪਾਣੀ ਸ੍ਰੋਤਾਂ ਵਿਚ ਵੀ ਘੁਸਪੈਠ ਕਰਦੇ ਦੇਖਿਆ ਹੈ।

ਸਾਗਰ : ਹਾਂ! ਸਮੁੰਦਰੀ ਜਲ ਪੱਧਰ ਵਿਚ ਵਾਧੇ ਨਾਲ ਸਮੁੰਦਰੀ ਪਾਣੀ ਦਾ ਥਲੀ ਅਤੇ ਹੋਰ ਤਾਜ਼ੇ ਪਾਣੀ ਵਾਲੇ ਸ੍ਰੋਤਾਂ ਵਿਚ ਮਿਲਣਾ ਸੰਭਵ ਹੈ ਅਤੇ ਇਸ ਦਾ ਥਲੀ ਮੱਛੀ ਪਾਲਣ ਅਤੇ ਜਲ ਖੇਤੀ ‘ਤੇ ਬੁਰਾ ਪ੍ਰਭਾਵ ਪਏਗਾ।

ਮੀਨਾ : ਜਲਵਾਯੂ ਪਰਿਵਰਤਨ ਦੇ ਕਾਰਨ ਸਮੁੰਦਰੀ ਪਾਣੀ ਵਿਚ ਖਾਰਾਪਣ ਵਧ ਰਿਹਾ ਹੈ।

ਪ੍ਰਿਥਵੀ : ਹਾਂ ਮੀਨਾ! ਜਲਵਾਯੂ ਪਰਿਵਰਤਨ ਨਾਲ ਪਾਣੀ ਦੇ ਖਾਰੇਪਣ ਵਿਚ ਵਾਧਾ ਵੀ ਹੋ ਸਕਦਾ ਹੈ ਅਤੇ ਕਮੀ ਵੀ। ਊਸ਼ਣ ਕਟੀਬੰਧੀ ਵਿਚ ਖਾਰਾਪਣ ਵਧਦਾ ਜਾ ਰਿਹਾ ਹੈ। ਧਰੁਵੀ ਖੇਤਰਾਂ ਦੀ ਨਿਕਟ ਵਾਲੇ ਸਮੁੰਦਰ ਤਾਜ਼ੇ ਹੁੰਦੇ ਜਾ ਰਹੇ ਹਨ।

ਆਨੰਦ : ਮਤਲਬ ਜਲ ਵਿਚ ਵਧਦੇ ਖਾਰੇਪਣ ਨਾਲ ਊਸ਼ਣ ਕਟੀਬੰਧੀ ਸਮੁੰਦਰ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ।

ਸਾਗਰ : ਹਾਂ ਆਨੰਦ!

ਜੱਲਾ : ਤਾਂ ਵਧਦੇ ਹੋਏ ਖਾਰੇਪਣ ਦਾ ਮੱਛੀ ਪਾਲਣ ‘ਤੇ ਕੀ ਪ੍ਰਭਾਵ ਪੈਂਦਾ ਹੈ ਸਾਗਰ?

ਸਾਗਰ : ਜੱਲਾ! ਤੁਸੀਂ ਸਮੁੰਦਰ ਅਤੇ ਤਾਜ਼ੇ ਪਾਣੀ ਵਿਚ ਵਹਿੰਦੇ ਹੋਏ ਬਹੁਤ ਹੀ ਬਾਰੀਕ ਜਿਹੇ ਜੈਵਿਕਾਂ ਨੂੰ ਦੇਖਿਆ ਹੋਵੇਗਾ। ਇਨ੍ਹਾਂ ਨੂੰ ਜ਼ੂ-ਪਲੈਂਕਟਨਸ ਜਾਂ ਪਲੈਂਕਟਨ ਕਹਿੰਦੇ ਹਨ।

ਜੱਲਾ : ਹਾਂ, ਮੈਂ ਦੇਖਿਆ ਹੈ।

ਮੀਨਾ : ਉਹ ਸਮੁੰਦਰੀ ਭੋਜਨ ਲੜੀ  ਦੇ ਆਧਾਰ ਹੁੰਦੇ ਹਨ।

ਸਾਗਰ : ਸਹੀ ਹੈ। ਪਾਣੀ ਦੇ ਖਾਰੇਪਣ ਦੇ ਬਦਲਾਅ ਦੇ ਨਕਰਾਤਮਕ ਪ੍ਰਭਾਵ ਪਲੈਂਕਟਨਾਂ ਦੀ ਅਬਾਦੀ ਅਤੇ ਜਲੀ ਭੋਜਨ ਲੜੀ ਦੇ ਦੂਸਰੇ, ਪਹਿਲੇ ਜਾਂ ਹੋਰ ਸ਼੍ਰੇਣੀ ਦੇ ਉਤਪਾਦਕਾਂ ‘ਤੇ ਪੈਂਦੇ ਹਨ। ਖਾਧ ਲੜੀ ਵਿਚ ਪੈਣ ਵਾਲੀਆਂ ਦਰਾੜਾਂ ਮੱਛੀ ਪਾਲਣ ‘ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ!

ਪ੍ਰਿਥਵੀ : ਪ੍ਰਸਿਥਿਤਿਕ ਤੰਤਰ ਵਿਚ ਜੀਵਾਂ ਦਾ ਜਿਉਂਦੇ ਰਹਿਣਾ ਵੀ ਖਾਰੇਪਣ ‘ਤੇ ਨਿਰਭਰ ਹੈ!

ਆਨੰਦ : ਉਹ ਕਿਵੇਂ?

ਪ੍ਰਿਥਵੀ : ਅਜਿਹਾ ਜਾਂ ਤਾਂ ਜੀਵਾਂ ਨੂੰ ਸਿੱਧੇ ਪ੍ਰਭਾਵਿਤ ਕਰਕੇ ਜਾਂ ਅਸਿੱਧੇ ਰੂਪ ਨਾਲ ਉਨ੍ਹਾਂ ਦੇ ਪ੍ਰਜਣਨ ਅਤੇ ਪਾਲਣ ਦੇ ਖੇਤਰਾਂ ਤੇ ਆਵਾਸ ਨਸ਼ਟ ਕਰਕੇ ਹੁੰਦਾ ਹੈ! ਵਧਦੇ ਖਾਰੇਪਣ ਨਾਲ ਜ਼ਿਆਦਾਤਰ ਮੈਂਗ੍ਰੋਵ ਵਣ ਵੀ ਉਜੜ ਜਾਂਦੇ ਹਨ।

ਜੱਲਾ : ਹੁਣ ਮੈਂ ਸਮਝਿਆ। ਪਾਣੀ ਵਿਚ ਖਾਰੇਪਣ ਦੇ ਬਦਲਾਅ ਦੇ ਕਾਰਨ ਹੀ ਸਾਡੇ ਇਲਾਕੇ ਵਿਚ ਮੱਛੀਆਂ ਦੀ ਅਬਾਦੀ ਘਟ ਗਈ ਹੈ। ਸਾਡੇ ਮਛੇਰਿਆਂ ਨੂੰ ਜੀਵਨ ਗੁਜ਼ਾਰਨ ਦੇ ਲਈ ਐਨਾ ਸੰਘਰਸ਼ ਕਰਨਾ ਪੈ ਰਿਹਾ ਹੈ।

ਪ੍ਰਿਥਵੀ : ਜੱਲਾ ਵੀਰ, ਸਮੁੰਦਰ ਦਾ ਤੇਜ਼ਾਬੀਪਣ ਵੀ ਮੱਛੀਆਂ ਦੀ ਪੈਦਾਵਾਰ ਘਟਣ ਦਾ ਕਾਰਨ ਹੋ ਸਕਦਾ ਹੈ।

ਜੱਲਾ : ਸਮੁੰਦਰ ਵਿਚ ਤੇਜਾਬੀਪਣ? ਉਹ ਕਿਵੇਂ ਹੁੰਦਾ ਹੈ?

ਸਾਗਰ : ਉਤਸਰਜਿਤ ਕਾਰਬਨਡਾਈਆਕਸਾਈਡ ਨੂੰ ਸਮੁੰਦਰ ਸੋਖ ਲੈਂਦੇ ਹਨ। ਇਹ ਗੈਸ ਪਾਣੀ ਵਿਚ ਘੁਲ ਕੇ ਕਾਰਬੋਨਿਕ ਐਸਿਡ ਵਿਚ ਬਦਲ ਜਾਂਦੀ ਹੈ ਜਿਸ ਕਰਕੇ ਸਮੁੰਦਰਾਂ ਵਿਚ ਵਧਦਾ ਤੇਜ਼ਾਬੀਪਣ ਚਿੰਤਾਜਨਕ ਰੂਪ ਧਾਰ ਰਿਹਾ ਹੈ!

ਜੱਲਾ : ਸਮੁੰਦਰ ਦੇ ਤੇਜ਼ਾਬੀਪਣ ਨਾਲ ਮੱਛੀ ਪਾਲਣ ਕਿਉਂ ਪ੍ਰਭਾਵਿਤ ਹੁੰਦਾ ਹੈ?

ਪ੍ਰਿਥਵੀ : ਵੱਡੀਆਂ ਮੱਛੀਆਂ ਤਾਂ ਵਧੇ ਹੋਏ ਤੇਜ਼ਾਬੀਪਣ ਨੂੰ ਸਹਿਣ ਕਰ ਲੈਂਦੀਆਂ ਹਨ ਪਰ ਉਨ੍ਹਾਂ ਦੇ ਅੰਡੇ ਅਤੇ ਲਾਰਵਾ ਨਹੀਂ ਕਰ ਸਕਦੇ।

ਸਾਗਰ : ਸਮੁੰਦਰੀ ਤੇਜ਼ਾਬੀਪਣ ਭੋਜਨ ਲੜੀ ਦੇ ਪਲੈਂਕਟੋਨਾਂ ਅਤੇ ਰੀੜ ਰਹਿਤ ਜੰਤੂਆਂ ਦੇ ਵਾਧੇ ਦੀ ਗਤੀ ਨੂੰ ਸੁਸਤ ਕਰ ਦਿੰਦਾ ਹੈ। ਇਸ ਕਰਕੇ ਊਸ਼ਣ ਕਟੀਬੰਧਾਂ ਵਿੱਚ ਕਿਤੇ ਕਿਤੇ ਉਤਪਾਦਨਸ਼ੀਲਤਾ ਘਟ ਜਾਂਦੀ

ਹੈ ਜਟਿਲ ਭੋਜਨਲੜੀ ਵਿਚ ਰੁਕਾਵਟ ਆ ਜਾਂਦੀ ਹੈ ਅਤੇ ਉਸਦਾ ਮੱਛੀਆਂ ਦੀ ਪੈਦਾਵਾਰ 'ਤੇ ਅਸਰ ਪੈਂਦਾ ਹੈ। ਇਨ੍ਹਾਂ ਦੇ ਵੱਡੇ, ਜ਼ਬਰਦਸਤ ਸਮਾਜਿਕ-ਆਰਥਿਕ ਪ੍ਰਭਾਵ ਹੁੰਦੇ ਹਨ।

ਮੀਨਾ : ਜਲਵਾਯੂ ਪਰਿਵਰਤਨ ਦੇ ਕਾਰਨ ਜੈਵਿਕ ਪਰਿਵਰਤਨ ਵੀ ਹੁੰਦੇ ਹਨ।

ਸਾਗਰ : ਹਾਂ ਮੀਨਾ। ਪ੍ਰਾਥਮਿਕ ਉਤਪਾਦਨ ਅਤੇ ਮੱਛੀ ਵਿਤਰਣ ਵਿਚ ਬਦਲਾਅ ਆ ਜਾਂਦਾ ਹੈ। ਪ੍ਰਾਥਮਿਕ ਉਤਪਾਦਨ ਵਿਚ ਗਿਰਾਵਟ ਦੇ ਕਾਰਨ ਮੱਛੀਆਂ ਘੱਟ ਪ੍ਰਾਪਤ ਹੁੰਦੀਆਂ ਹਨ। ਪ੍ਰਾਥਮਿਕ ਉਤਪਾਦਨ ਨੂੰ ਪ੍ਰਭਾਵਿਤ ਕਰਨ ਵਾਲਾ ਮੁੱਖ ਕਾਰਨ ਸਤਹਿ 'ਤੇ ਤਾਪਮਾਨ ਦਾ ਵਾਧਾ ਹੈ।

ਪ੍ਰਿਥਵੀ : ਮੱਛੀ ਵਿਤਰਨ ਵਿਚ ਹੋਣ ਵਾਲੇ ਪਰਿਵਰਤਨ ਮੱਛੀ ਪਾਲਣ ਦੇ ਖੇਤਰ ਵਿਚ ਲਾਭ ਅਤੇ ਲਾਗਤ ਸਬੰਧੀ ਬਦਲਾਅ ਲਿਆ ਰਹੇ ਹਨ। ਕੁਝ ਦੇਸ਼ ਮੁਨਾਫ਼ਾ ਕਮਾ ਰਹੇ ਹਨ ਤਾਂ ਕੁਝ ਘਾਟਾ ਝੱਲ ਰਹੇ ਹਨ।

ਆਨੰਦ : ਭਾਬੀ ਜੀ! ਉਹ ਕਿਵੇਂ?

ਪ੍ਰਿਥਵੀ : ਦੇਖੋ, ਮੱਛੀ ਪ੍ਰਜਾਤੀ ਵਾਤਾਵਰਨ ਬਦਲਾਅ ਜਿਵੇਂ ਪਾਣੀ ਦੇ ਤਾਪਮਾਨ ਨੂੰ ਨੂੰ ਲੈ ਕੇ ਕਾਫ਼ੀ ਸੰਵੇਦਨਸ਼ੀਲ ਹੁੰਦੀ ਹੈ ਅਤੇ ਉਨ੍ਹਾਂ ਦੇ ਸਥਾਨ ਪਰਿਵਰਤਨ ਦਾ ਰਵਾਇਤੀ ਤਰੀਕਾ ਬਦਲ ਜਾਂਦਾ ਹੈ। ਮੱਛੀਆਂ ਦੀਆਂ ਕੁਝ ਪ੍ਰਜਾਤੀਆਂ ਅਨੁਕੂਲ ਤਾਪਮਾਨ ਵਾਲੇ ਅਵਾਸ ਦੀ ਤਲਾਸ਼ ਵਿਚ ਧੁਰ ਉੱਤਰ ਵੱਲ ਚਲੀਆਂ ਜਾਂਦੀਆਂ ਹਨ ਜਿਸ ਕਰਕੇ ਉੱਚੇ ਅਕਸ਼ਾਸ਼ਾਂ ਵਿਚ ਮੱਛੀਆਂ ਵਧ ਜਾਂਦੀਆਂ ਹਨ! ਨਿਚਲੇ ਅਕਸ਼ਾਸ਼ਾਂ ਵਾਲੇ ਦੇਸ਼ਾਂ ਨੂੰ ਕੁਝ ਪ੍ਰਜਾਤੀਆਂ ਤੋਂ ਵੰਚਿਤ ਹੋਣਾ ਪੈਂਦਾ ਹੈ।

ਜੱਲਾ : ਅੱਛਾ, ਸਮਾਜਿਕ-ਆਰਥਿਕ ਪ੍ਰਭਾਵਾਂ ਦੇ ਬਾਰੇ ਵੀ ਦੱਸੋ।

ਪ੍ਰਿਥਵੀ : ਡੇਢ ਵੱਜ ਗਿਆ। ਦੁਪਿਹਰ ਦੇ ਖਾਣੇ ਦਾ ਸਮਾਂ ਹੋ ਗਿਆ! ਸਾਰਿਆਂ ਲਈ ਖਾਣਾ ਤਿਆਰ ਹੈ। ਤੁਹਾਡੇ ਲਈ ਖ਼ਾਸ ਤੌਰ 'ਤੇ ਮੱਛੀ ਦਾ ਸੂਪ ਬਣਾਇਆ ਗਿਆ ਹੈ। ਤਾਂ ਆਉ!

(ਸਾਰੇ 'ਆਉ ਚੱਲੀਏ' ਕਹਿੰਦੇ ਹੋਏ ਜਾਂਦੇ ਹਨ। ਅਨੁਕੂਲ ਧੁਨੀਆਂ)

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਚੌਥਾ**……

**(ਦ੍ਰਿਸ਼ ਬਦਲਾਅ ਸੰਗੀਤ ……………………….ਮੱਧਮ ਪੈਂਦਾ ਹੈ)**

**(ਖਾਣੇ ਦੀ ਮੇਜ਼ ਤੇ ਬੈਠੇ ਸਾਰੇ ਖਾਣਾ ਖਾ ਰਹੇ ਹਨ, ਵਾਰਤਾਲਾਪ ਵੀ ਚਲ ਰਿਹਾ ਹੈ)**

ਜੱਲਾ/ਆਨੰਦ : ਵਾਹ ਭਾਬੀ ਜੀ! ਖਾਣਾ ਬਹੁਤ ਸਵਾਦ ਹੈ!

ਜੱਲਾ : ਜਲਵਾਯੂ ਪਰਿਵਰਤਨ ਨਾਲ ਸਮਾਜਿਕ-ਆਰਥਿਕ ਪ੍ਰਸਥਿਤੀ ਤਾਂ ਬਹੁਤੀ ਮਛੇਰਿਆਂ, ਕਿਸਾਨਾਂ ਮਜਦੂਰਾਂ ਦੀ ਪ੍ਰਭਾਵਿਤ ਹੁੰਦੀ ਹੈ? ਦਰਮਿਆਨੇ ਤਬਕੇ ਨੂੰ ਤਾਂ ਸਵਾਦੀ ਭੋਜਨ ਮਿਲਦਾ ਹੀ ਰਹਿੰਦਾ ਹੈ!

ਸਾਗਰ : ਹਾਂ, ਜੱਲਾ ਜੀ ਗੱਲ ਤਾਂ ਤੁਹਾਡੀ ਕੁੱਝ ਹੱਦ ਤੱਕ ਸਹੀ ਹੈ! ਪਰ ਜੇ ਕਰ ਭੋਜਨ ਉਤਪਾਦਨ ਘਟ ਜਾਵੇ ਅਤੇ ਰਾਜ ਦੀ ਆਮਦਨ ਘਟ ਜਾਵੇ ਤਦ ਸੇਕ ਤਾਂ ਸਾਰਿਆਂ ਨੂੰ ਹੀ ਲੱਗਦਾ ਹੈ,ਕਿਸੇ ਨੂੰ ਥੋਹੜਾ ਤੇ ਕਿਸੇ ਨੂੰ ਬਹੁਤਾ!

ਆਨੰਦ : ਵੇਖੋ ਧੰਦਾ ਚਲਦਾ ਰਹੇ ਤਾਂ ਹੀ ਆਮਦਨ ਹੋ ਸਕਦੀ ਹੈ! ਇਸ ਲਈ ਟਿਕਾਊ ਮੱਛੀ ਪਾਲਣ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ ਜ਼ਿਆਦਾ ਉਤਪਾਦਨ ਵਾਸਤੇ ਤੇ ਜ਼ਿਆਦਾ ਆਮਦਨ ਟੈਕਸ ਵਾਸਤੇ!

ਪ੍ਰਿਥਵੀ : ਜਲਵਾਯੂ ਪਰਿਵਰਤਨ ਦੇ ਨਾਲ ਉਹ ਪ੍ਰਸਥਿਤੀਆਂ ਉਤਪੰਨ ਹੁੰਦੀਆਂ ਹਨ ਜਿਹੜੀਆਂ ਮੱਛੀਆਂ ਨੂੰ ਇਸ ਦੇ ਪ੍ਰਤੀ ਹੋਰ ਜ਼ਿਆਦਾ ਸੰਵੇਦਨਸ਼ੀਲ ਬਣਾ ਦਿੰਦੀਆਂ ਹਨ।

ਸਾਗਰ : ਮਾਹਿਰਾਂ ਦੇ ਅਨੁਸਾਰ ਇਸੇ ਸਦੀ ਦੇ ਮੱਧ ਤੱਕ, ਜਲਵਾਯੂ ਪਰਿਵਰਤਨ ਦੇ ਕਾਰਨ ਦੁਨੀਆ ਭਰ ਵਿਚ ਉਜਾੜੇ ਦਾ ਖ਼ਤਰਾ ਮਛੇਰਾ ਸਮੁਦਾਇ ਨੂੰ ਖਾਸ ਤੌਰ ‘ਤੇ ਜਿਆਦਾ ਹੈ!

ਜੱਲਾ : ਮੱਛੀ ਪਾਲਣ ਦੇ ਧੰਦੇ ਅਤੇ ਮਛੇਰਾ ਸਮੁਦਾਇ ਉਪਰ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘੱਟ ਕਰਨ ਦੇ ਲਈ ਪ੍ਰਸ਼ਾਸਨ ਵੱਲੋਂ ਕਿਹੜੇ ਕਦਮ ਉਠਾਏ ਜਾਣੇ ਜਰੂਰੀ ਹਨ?

ਸਾਗਰ : ਸਾਨੂੰ ਖਾਦ ਸੁਰੱਖਿਆ ਨੂੰ ਸੁਨਿਸ਼ਚਿਤ ਕਰਨਾ ਤੇ ਮਛੇਰਾ ਸਮੁਦਾਇ ਦੀ ਸਹਿਣ ਸ਼ਕਤੀ ਨੂੰ ਮਜ਼ਬੂਤ ਬਨਾਉਣਾ ਹੋਵੇਗਾ। ਜ਼ਿਆਦਾ ਪੂੰਜੀ ਨਿਵੇਸ਼ ਕਰਕੇ ਬਜ਼ਾਰ ਵਿਕਸਿਤ ਕਰਨ ਦੀ, ਮੱਛੀ ਪਾਲਣ ਦੇ ਸਹੀ ਸੰਚਾਲਣ ਅਤੇ ਉਤਸ਼ਾਹਿਤ ਕਰਨ ਲਈ ਆਰਥਿਕ ਸਹਾਇਤਾ ਦੇ ਨਿਯਮਾਂ ਦੀ ਵੀ ਜ਼ਰੂਰਤ ਹੈ।

ਜੱਲਾ : ਮੱਛੀ ਵੇਚਣ ਦੇ ਲਈ ਸਾਨੂੰ ਬਜ਼ਾਰ ਦੀਆਂ ਸਮੱਸਿਆਵਾਂ ਤੋਂ ਇਲਾਵਾ ਘਾਟਾ ਵੀ ਝੱਲਣਾ ਪੈਂਦਾ ਹੈ।

ਸਾਗਰ : ਤੁਹਾਡਾ ਕਹਿਣਾ ਸਹੀ ਹੈ, ਜੱਲਾ। ਇਹ ਬਹੁਤ ਜ਼ਰੂਰੀ ਹੈ ਕਿ ਬਜ਼ਾਰ ਦਾ ਅਜਿਹਾ ਆਧਾਰਭੂਤ ਢਾਂਚਾ ਤਿਆਰ ਕੀਤਾ ਜਾਵੇ ਜਿਹੜਾ ਮੱਛੀ ਫੜਨ ਦੇ ਬਾਅਦ ਆਮਦਨੀ ਵਿਚ ਹੋਏ ਘਾਟੇ ਨੂੰ ਪੂਰਾ ਕਰਨ ਵਿਚ ਸਹਾਇਕ ਹੋਵੇ।

ਜੱਲਾ : ਸ਼ਿੰਪ ਅਤੇ ਵੱਡੇ ਝੀਂਗੇ ਜਿਹੜੇ ਵਿਦੇਸ਼ ‘ਚ ਅਤੇ ਦੇਸ਼ ਦੇ ਕਈ ਰਾਜਾਂ ਵਿਚ ਭੇਜੇ ਜਾਂਦੇ ਹਨ; ਗੁਣਵੱਤਾ ‘ਚ ਕਮੀ ਦੇ ਕਾਰਨ ਖਰੀਦੇ ਨਹੀਂ ਜਾ ਰਹੇ।

ਸਾਗਰ : ਗੁਣਵੱਤਾ ‘ਚ ਕਮੀ..... ਵਧਦੇ ਤਾਪਮਾਨ ਕਾਰਨ ਜਾਂ ਫਿਰ ਸਹੀ ਰੱਖ ਰਖਾਉ ਨਾ ਹੋਣ ਕਰਕੇ ਮੱਛੀ ਨੂੰ ਪਹੁੰਚੀ ਸਰੀਰਕ ਹਾਨੀ ਦੇ ਕਾਰਨ ਹੁੰਦੀ ਹੈ।

ਆਨੰਦ : ਮੈਂ ਪਿਛਲੇ ਕਈ ਸਾਲਾਂ ਤੋਂ ਮੱਛੀ ਧੰਦੇ ਵਿਚ ਹਾਂ। ਕਈ ਵਾਰ ਬਜ਼ਾਰ ਦਾ ਸੁਭਾਅ ਅਚਾਨਕ ਬਦਲ ਜਾਂਦਾ ਹੈ। ਸਾਨੂੰ ਮਜ਼ਬੂਰਨ ਘੱਟ ਰੇਟ ‘ਚ ਮੱਛੀ ਵੇਚਣਸੀ ਪੈਂਦੀ ਹੈ।

ਸਾਗਰ : ਐਂਟੀਬਾਓਟਿਕਸ ਤੇ ਵਿਸ਼ੈਲੇ ਕੈਮਿਕਲਜ਼, ਮੱਛੀ ਸੁਰੱਖਿਅਣ ਦੇ ਰਵਾਇਤੀ ਤਰੀਕੇ ਜਿਵੇਂ ਨਮਕ ਲਗਾਉਣਾ, ਧੂੰਆ ਦੇਣਾ, ਧੁੱਪ 'ਚ ਸੁਕਾਉਣਾ ਆਦਿ ਵੀ ਗੁਣਵੱਤਾ ਘੱਟਾਉਂਦੇ ਹਨ ਜਿਵੇਂ ਰੰਗ ਬਦਲਣਾ, ਉਲੀ ਲੱਗਣਾ, ਕੀਟ ਅਤੇ ਸੰਕਰਮਣ (ਇਨਫੈਕਸ਼ਨ) ਆਦਿ!

ਪ੍ਰਿਥਵੀ : ਮੱਛੀ ਉਦਯੋਗ ਨੂੰ ਬਚਾਉਣ ਅਤੇ ਮਛੇਰਾ ਸਮੁਦਾਇ ਦੇ ਉਜਾੜੇ ਨੂੰ ਰੋਕਣ ਲਈ ਕੁਝ ਨੀਤੀਆਂ ਨਿਰਧਾਰਿਤ ਕੀਤੇ ਜਾਣ ਦੀ ਅਹਿਮ ਲੋੜ ਹੈ!

ਸਾਗਰ : ਤੁਸੀਂ ਠੀਕ ਕਿਹਾ ਪ੍ਰਿਥਵੀ। ਪਤਾ ਹੈ, ਟਾਪੂਆਂ ਦੇ ਮੱਛੀ ਪਾਲਣ ਅਤੇ ਜਲ ਖੇਤੀ 'ਤੇ ਬਣੀ ਸੰਸਦ ਦੀ ਸਥਾਈ ਕਮੇਟੀ ਨੇ ਹਾਲ ਹੀ ਵਿਚ ਆਪਣੀ ਰਿਪੋਰਟ ਦਿੱਤੀ ਹੈ।

ਜੱਲਾ : ਉਸ ਰਿਪੋਰਟ ਵਿਚ ਕੀ ਕਿਹਾ ਗਿਆ ਹੈ?

ਸਾਗਰ : ਕਮੇਟੀ ਦੇ ਅਨੁਸਾਰ ਭਾਰਤੀ ਮੱਛੀ ਪਾਲਣ ਖੇਤਰ ਪਛੜਿਆ ਹੋਇਆ ਰਹਿ ਗਿਆ ਹੈ ਕਿਉਂਕਿ ਇਸ ਕੋਲ ਡੂੰਘਾ ਸਮੁੰਦਰੀ ਮੱਛੀ ਪਕੜਣ ਦੇ ਮਾਮਲੇ ਵਿਚ ਟੈਕਨਾਲੌਜੀ ਅਤੇ ਤਕਨੀਕੀ ਜਾਣਕਾਰੀ ਦੀ ਘਾਟ ਹੈ! ਕਮੇਟੀ ਨੇ ਜਲ ਵਾਹਨਾਂ ਦੀਆਂ ਬੇਰੋਕ ਟੋਕ ਦੀਆਂ ਗਤੀਵਿਧੀਆਂ 'ਤੇ ਵੀ ਚਿੰਤਾ ਪ੍ਰਗਟਾਈ ਹੈ ਜਿਸ ਦੇ ਕਾਰਨ ਪਰਿਆਵਰਨ ਨੂੰ ਹਾਨੀ ਤੇ ਦੇਸੀ ਪ੍ਰਜਾਤੀਆਂ ਦਾ ਪ੍ਰਜਨਣ ਖਤਮ ਹੋ ਰਿਹਾ ਹੈ!

ਆਨੰਦ : ਕਮੇਟੀ ਦੀਆਂ ਹੋਰ ਕਿਹੜੀਆਂ ਵੱਡੀਆਂ ਸਿਫ਼ਾਰਸ਼ਾਂ ਹਨ?

ਸਾਗਰ : ਕਮੇਟੀ ਦੀ ਸਿਫ਼ਾਰਸ਼ ਹੈ ਕਿ ਮੱਛੀ ਪਾਲਣ ਦੇ ਨਾਲ ਖੇਤੀ ਖੇਤਰ ਦੇ ਬਰਾਬਰ ਦਾ ਵਿਵਹਾਰ ਕੀਤਾ ਜਾਵੇ।

ਜੱਲਾ : ਵਾਹ! ਹੋਰ ਕੀ ਚਾਹੀਦਾ ਹੈ?

ਸਾਗਰ : ਕਮੇਟੀ ਨੇ ਮੱਛੀ ਪਾਲਣ ਦੀਆਂ ਆਧੁਨਿਕ ਅਤੇ ਲਾਭਦਾਇਕ ਵਿਧੀਆਂ ਦੀ ਸਿੱਖਿਆ ਦਿੱਤੇ ਜਾਣ ਦੀ ਅਤੇ ਕੁਦਰਤੀ ਆਫ਼ਤ ਦੀ ਸਥਿਤੀ ਵਿਚ ਬੀਮੇ ਦੀ ਸਿਫਾਰਿਸ਼ ਵੀ ਕੀਤੀ ਹੈ।

ਜੱਲਾ : ਸਿਫ਼ਾਰਸ਼ਾਂ ਤਾਂ ਬਹੁਤ ਚੰਗੀਆਂ ਹਨ ਪਰ ਮਛੇਰਿਆਂ ਨੂੰ ਇਨ੍ਹਾਂ ਮਾਮਲਿਆਂ ਪ੍ਰਤੀ ਜਾਗਰੂਕ ਕਰਨਾ ਜ਼ਰੂਰੀ ਹੈ।

ਆਨੰਦ/ ਜੱਲਾ : ਸਾਡੀ ਗੱਲ ਬਾਤ ਬਹੁਤ ਚੰਗੀ ਰਹੀ। ਧੰਨਵਾਦ ਸਾਗਰ! ਧੰਨਵਾਦ ਪ੍ਰਿਥਵੀ ਭਾਬੀ ਜੀ। ਧੰਨਵਾਦ ਮੀਨਾ।

ਸਾਗਰ : ਓ.ਕੇ. ਜੱਲਾ। ਮੈਨੂੰ ਵੀ ਤੁਹਾਡੇ ਕੋਲੋਂ ਬਹੁਤ ਕੁਝ ਜਾਣਕਾਰੀ ਮਿਲੀ। ਮੈਂ ਉੱਚ ਅਧਿਕਾਰੀਆਂ ਨੂੰ ਰਿਪੋਰਟ ਭੇਜ ਦੇਵਾਂਗਾ। ਮਾਹਿਰਾਂ ਦਾ ਇਕ ਦਲ ਛੇਤੀ ਹੀ ਪਿੰਡ ਆ ਸਕਦਾ ਹੈ।

ਜੱਲਾ : ਹਾਏ, ਮੌਸਮ ਬਦਲਾਅ ਵਿਖਾਈ ਦੇ ਰਿਹਾ ਹੈ। ਅਸਮਾਨ 'ਚ ਬੱਦਲ ਛਾ ਗਏ ਹਨ, ਤੇਜ਼ ਹਵਾ ਚਲ ਰਹੀ ਹੈ, ਲੱਗਦਾ ਹੈ, ਹਨੇਰੀ ਆਉਣ ਵਾਲੀ ਹੈ।

ਪ੍ਰਿਥਵੀ : ਮੀਨਾ। ਟੀ.ਵੀ. ਚਲਾਉ। ਹੋ ਸਕਦਾ ਹੈ ਕੋਈ ਚੱਕਰਵਾਤ ਅਲਰਟ ਹੋਵੇ।

ਮੀਨਾ : ਬਿਜਲੀ ਨਹੀਂ ਹੈ। ਮੈਂ ਰੇਡੀਓ ਚਲਾਉਂਦੀ ਹਾਂ।

(ਰੇਡੀਓ 'ਤੇ ਘੋਸ਼ਣਾ: "ਸਾਈਕਲੋਨ ਦੀ ਚੇਤਾਵਨੀ" ਇਕ ਚੱਕਰਵਾਤੀ ਹਨੇਰੀ ਆਂਧਰਾ ਪ੍ਰਦੇਸ਼ ਦੇ ਤੱਟੀ ਖੇਤਰ ਵੱਲ ਵਧਦੀ ਆ ਰਹੀ ਹੈ। ਮਛੇਰੇ ਵੀਰਾਂ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਸਮੁੰਦਰ 'ਚ ਨਾ ਜਾਣ)

ਜੱਲਾ : ਮੈਨੂੰ ਛੇਤੀ ਹੀ ਪਿੰਡ ਪਹੁੰਚ ਕੇ ਆਪਣੇ ਲੋਕਾਂ ਨੂੰ ਚੇਤੰਨ ਕਰ ਦੇਣਾ ਚਾਹੀਦਾ ਹੈ।

ਸਾਗਰ : ਚਾਹ ਪੀ ਕੇ ਜਾਣਾ। ਮੈਂ ਡਰਾਇਵਰ ਨੂੰ ਆਖ ਦੇਵਾਂਗਾ ਕਿ ਤੁਹਾਨੂੰ ਪੇਲਾਪਾਲਮ ਛੱਡ ਦੇਵੇ।

(ਦ੍ਰਿਸ਼ ਸਮਾਪਤ ਹੈ)

---

ਪ੍ਰਸ਼ਨ:

**ਪ੍ਰਸ਼ਨ-1 ਸਮੁੰਦਰੀ ਜਲ ਪੱਧਰ ਉਚਾ ਹੋਣ ਨਾਲ ਮੱਛੀਆਂ ਨੂੰ ਨੁਕਸਾਨ ਕਿਉਂ ਹੁੰਦਾ ਹੈ ?**

ਉੱਤਰ : ਪਾਣੀ ਦਾ ਖਾਰਾਪਣ ਅਤੇ ਤੇਜਾਬੀਪਣ ਵਧ ਜਾਂਦਾ ਹੈ ਜਿਸ ਕਰਕੇ ਮੱਛੀਆਂ ਨੂੰ ਨੁਕਸਾਨ ਹੁੰਦਾ ਹੈ !

**ਪ੍ਰਸ਼ਨ 2: ਮਛੇਰਿਆਂ ਤੇ ਜਲ ਪੱਧਰ ਵਧਣ ਦਾ ਕੀ ਪੈਂਦਾ ਹੈ ਪ੍ਰਭਾਵ ?**

ਉੱਤਰ: ਮੱਛੀਆਂ ਦੇ ਪੂਰ ਘਟ ਜਾਂਦੇ ਹਨ , ਮਛੇਰਿਆਂ ਦੇ ਰੈਣ ਬਸੇਰੇ ਤੇ ਰੋਜੀ ਰੋਟੀ ਨੁਕਸਾਨੇ ਜਾਂਦੇ ਹਨ !